**Social Welfare**

**ਵਿਕਾਸ ਵੀ, ਵਿਰਾਸਤ ਵੀ**

ਪਿਛਲੇ 12 ਵਰ੍ਹਿਆਂ ਵਿੱਚ, "ਵਿਕਾਸ ਵੀ, ਵਿਰਾਸਤ ਵੀ" ਦੇ ਦ੍ਰਿਸ਼ਟੀਕੋਣ ਦੇ ਤਹਿਤਭਾਰਤ ਦੇ ਵਿਰਾਸਤੀ ਖੇਤਰ ਮਹੱਤਵਪੂਰਨ ਵਿਸਥਾਰ ਦਾ ਗਵਾਹ ਬਣਿਆ ਹੈ। ਰਾਸ਼ਟਰੀ ਸਮਾਰਕਾਂ ਅਤੇ ਪੁਰਾਤਨਤਾ ਮਿਸ਼ਨ (ਐੱਨਐੱਮਐੱਮਏ), ਗਿਆਨ ਭਾਰਤਮ ਅਤੇ ਵੈਦਿਕ ਵਿਰਾਸਤ ਪੋਰਟਲ ਵਰਗੀਆਂ ਪਹਿਲਕਦਮੀਆਂ ਰਾਹੀਂ ਸੰਸਥਾਗਤ ਮਜ਼ਬੂਤੀ ਅਤੇ ਵਿਆਪਕ ਡਿਜੀਟਾਈਜ਼ੇਸ਼ਨ ਨੇ ਸੱਭਿਆਚਾਰਕ ਸਰੋਤਾਂ ਦੇ ਦਸਤਾਵੇਜ਼ੀਕਰਣ ਅਤੇ ਉਨ੍ਹਾਂ ਤੱਕ ਪਹੁੰਚ ਨੂੰ ਬਿਹਤਰ ਬਣਾਇਆ ਹੈ। ਵਿਰਾਸਤ-ਅਧਾਰਿਤ ਸੈਰ-ਸਪਾਟਾ ਯੋਜਨਾਵਾਂ, ਜਿਵੇਂ ਕਿ ਪ੍ਰਸਾਦ (PRASAD) ਅਤੇ ਹਰਿਦੇ (HRIDAY), ਨੇ ਮੁੱਖ ਅਧਿਆਤਮਿਕ ਅਤੇ ਇਤਿਹਾਸਕ ਸਥਾਨਾਂ 'ਤੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕੀਤਾ ਹੈ ਅਤੇ ਸੈਲਾਨੀ ਅਨੁਭਵ ਨੂੰ ਮੁੜ ਡਿਜ਼ਾਈਨ ਕੀਤਾ ਹੈ। ਯੂਨੈਸਕੋ ਵਿਸ਼ਵ ਵਿਰਾਸਤ ਸਥਾਨ ਸੂਚੀ ਵਿੱਚ ਭਾਰਤ ਦੀ ਮੌਜੂਦਗੀ 31 ਤੋਂ ਵਧ ਕੇ 44 ਸਥਾਨਾਂ ਤੱਕ ਪਹੁੰਚ ਗਈ ਹੈ। ਇਸ ਤੋਂ ਇਲਾਵਾ, ਭਾਰਤ ਦੀ ਅਮੂਰਤ ਸੱਭਿਆਚਾਰਕ ਵਿਰਾਸਤਾਂ, ਜਿਵੇਂ ਕਿ ਯੋਗਾ, ਕੁੰਭ ਮੇਲਾ, ਦੁਰਗਾ ਪੂਜਾ ਅਤੇ ਗਰਬਾ, ਨੂੰ ਵੀ ਵਿਸ਼ਵ ਪੱਧਰ 'ਤੇ ਵਿਆਪਕ ਮਾਨਤਾ ਮਿਲੀ ਹੈ। ਇਸ ਤੋਂ ਇਲਾਵਾ, ਪ੍ਰਾਚੀਨ ਕਲਾਕ੍ਰਿਤੀਆਂ ਦੀ ਸਵਦੇਸ਼ ਵਾਪਸੀ ਅਤੇ ਮਿਊਜ਼ੀਅਮਾਂ ਦੇ ਵਿਕਾਸ ਵੱਲ ਕੀਤੇ ਗਏ ਯਤਨਾਂ ਨੇ ਭਾਰਤ ਦੇ ਸੱਭਿਅਤਾਗਤ ਸੱਭਿਆਚਾਰਕ ਮਾਣ ਅਤੇ ਵਿਸ਼ਵ ਸੱਭਿਆਚਾਰਕ ਲੀਡਰਸ਼ਿਪ ਨੂੰ ਹੋਰ ਮਜ਼ਬੂਤ ਕੀਤਾਹੈ।

**ਭਾਰਤ ਦੀ ਸੱਭਿਆਚਾਰਕ ਵਿਰਾਸਤ ਦੀ ਪੁਨਰ ਸੁਰਜੀਤੀ**

ਭਾਰਤ ਦੀ ਵਿਸ਼ਾਲ ਅਤੇ ਵਿਭਿੰਨਤਾ ਭਰਪੂਰ ਸੱਭਿਆਚਾਰਕ ਵਿਰਾਸਤ ਹਜ਼ਾਰਾਂ ਵਰ੍ਹਿਆਂ ਦੇ ਇਤਿਹਾਸ, ਸੱਭਿਆਚਾਰ ਅਤੇ ਪਰੰਪਰਾਵਾਂ ਨੂੰ ਅਪਣੇ ਅੰਦਰ ਸਮੇਟੇ ਹੋਏ ਹਨ। ਇਸਦੀ ਸੰਭਾਲ ਸਾਡੇ ਦੇਸ਼ ਦੀ ਵਿਲੱਖਣ ਸੱਭਿਅਤਾ ਦੀ ਪਛਾਣ ਨੂੰ ਬਣਾਈ ਰੱਖਣ ਲਈ ਬਹੁਤ ਜ਼ਰੂਰੀ ਹੈ। ਪਿਛਲੇ 12 ਵਰ੍ਹਿਆਂ ਵਿੱਚਸਰਕਾਰ ਨੇ ਭਾਰਤ ਦੀ ਸਮ੍ਰਿੱਧ ਸੱਭਿਆਚਾਰਕ ਵਿਰਾਸਤ ਦੀ ਸੰਭਾਲ, ਵਿਕਾਸ ਅਤੇ ਪ੍ਰਚਾਰ 'ਤੇ ਵਿਸ਼ੇਸ਼ ਜ਼ੋਰ ਦਿੱਤਾ ਹੈ। ਦੇਸ਼ ਭਰ ਵਿੱਚ ਇਸ ਵਿਰਾਸਤ ਨੂੰ ਮਜ਼ਬੂਤ ਅਤੇ ਸੰਭਾਲ ਕੇ ਰੱਖਣ ਲਈ ਵਿਆਪਕ ਯਤਨ ਕੀਤੇ ਗਏ ਹਨ।

ਪ੍ਰਮੁੱਖ ਪਹਿਲਕਦਮੀਆਂ ਤਹਿਤ ਵੱਕਾਰੀ ਸਥਾਨਾਂ ਦੀ ਬਹਾਲੀ, ਸੈਲਾਨੀਆਂ ਦੀਆਂ ਸਹੂਲਤਾਂ ਨੂੰ ਬਿਹਤਰ ਬਣਾਉਣ, ਪ੍ਰਾਚੀਨ ਮੰਦਰਾਂ ਅਤੇ ਸਮਾਰਕਾਂ ਨੂੰ ਸੁਰੱਖਿਅਤ ਅਤੇ ਵਿਰਾਸਤੀ ਨਗਰਾਂ ਅਤੇ ਤੀਰਥ ਸਥਾਨਾਂ ਦੇ ਵਿਕਾਸ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਅਧਿਆਤਮਿਕ ਅਤੇ ਸੱਭਿਆਚਾਰਕ ਕੇਂਦਰਾਂ ਦੇ ਪੁਨਰ ਸੁਰਜੀਤੀ ਲਈ ਪ੍ਰੋਗਰਾਮਾਂ ਨੇ ਭਾਰਤ ਦੀ ਇਤਿਹਾਸਕ ਪਛਾਣ ਨੂੰ ਸੁਰੱਖਿਅਤ ਰੱਖਣ ਦੇ ਨਾਲ-ਨਾਲ ਜਨਤਕ ਪਹੁੰਚ ਅਤੇ ਸੈਰ-ਸਪਾਟਾ ਸੰਭਾਵਨਾ ਨੂੰ ਵੀ ਹੁਲਾਰਾ ਦਿੱਤਾ ਹੈ।

ਇਸ ਤੋਂ ਇਲਾਵਾ, ਵਿਰਾਸਤੀ ਸਥਾਨਾਂ ਦੇ ਆਲੇ-ਦੁਆਲੇ ਸੰਪਰਕ-ਸੁਵਿਧਾਵਾਂ, ਸ਼ਹਿਰੀ ਨਵੀਨੀਕਰਣ, ਡਿਜੀਟਲ ਪਹੁੰਚ ਅਤੇ ਸੈਰ-ਸਪਾਟਾ ਬੁਨਿਆਦੀ ਢਾਂਚੇ ਵਿੱਚ ਨਿਵੇਸ਼ਾਂ ਨੇ ਸਥਾਨਕ ਆਰਥਿਕ ਵਿਕਾਸ ਅਤੇ ਰੁਜ਼ਗਾਰ ਸਿਰਜਣ ਨੂੰ ਉਤਸ਼ਾਹਿਤ ਕੀਤਾ ਹੈ। ਵਿਰਾਸਤ-ਅਧਾਰਿਤ ਵਿਕਾਸ ਪ੍ਰੋਜੈਕਟਾਂ ਨੇ ਟਿਕਾਊ ਸੈਰ-ਸਪਾਟੇ ਨੂੰ ਉਤਸ਼ਾਹਿਤ ਕੀਤਾ ਹੈ, ਨਾਲ ਹੀ ਸੱਭਿਆਚਾਰਕ ਵਿਰਾਸਤੀ ਸਥਾਨਾਂ ਦੀ ਸੰਭਾਲ ਨੂੰ ਯਕੀਨੀ ਬਣਾਇਆ ਹੈ ਤਾਂ ਜੋ ਉਹ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਸੁਰੱਖਿਅਤ ਰਹਿ ਸਕਣ।


**ਵਿਰਾਸਤ ਦੀ ਸੰਭਾਲ**

ਭਾਰਤ ਦਾ ਸੱਭਿਆਚਾਰਕ ਦ੍ਰਿਸ਼ ਸਮਾਰਕਾਂ, ਪੁਰਾਤਨ ਵਸਤਾਂ, ਹੱਥ-ਲਿਖਤਾਂ ਅਤੇ ਇਤਿਹਾਸਕ ਸਥਾਨਾਂ ਨਾਲ ਭਰਪੂਰ ਹੈ। ਇਹ ਸਿਰਫ਼ ਅਤੀਤ ਦੇ ਅਵਸ਼ੇਸ਼ ਨਹੀਂ ਹਨ, ਸਗੋਂਪੀੜ੍ਹੀ ਦਰ ਪੀੜ੍ਹੀ ਚਲਦੀ ਆ ਰਹੀ ਸਾਡੀ ਸਾਂਝੀ ਯਾਦ ਅਤੇ ਨਿਰੰਤਰਤਾ ਨੂੰ ਦਰਸਾਉਂਦੇ ਹਨ।

ਵਰ੍ਹੇ 2014 ਤੋਂ, ਸਰਕਾਰ ਨੇ ਇਨ੍ਹਾਂ ਸੱਭਿਆਚਾਰਕ ਵਿਰਾਸਤੀ ਸਥਾਨਾਂ ਨੂੰ ਸੁਰੱਖਿਅਤ ਰੱਖਣ ਅਤੇ ਪ੍ਰਚਾਰ-ਪ੍ਰਸਾਰ ਲਈ ਕਈ ਮਹੱਤਵਪੂਰਨ ਪਹਿਲਕਦਮੀਆਂ ਸ਼ੁਰੂ ਕੀਤੀਆਂ ਹਨ। ਨਾਲ ਹੀ, ਵਿਰਾਸਤੀ ਵਿਕਾਸ ਨੂੰ ਆਰਥਿਕ ਤਰੱਕੀ ਨਾਲ ਜੋੜਨ ਅਤੇ ਭਾਰਤ ਦੀ ਵਿਸ਼ਵਵਿਆਪੀ ਸੱਭਿਆਚਾਰਕ ਪਛਾਣ ਨੂੰ ਹੋਰ ਮਜ਼ਬੂਤ ਬਣਾਉਣ ‘ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਇਸ ਤੋਂ ਇਲਾਵਾ, ਵਿਰਾਸਤੀ ਸੰਭਾਲ ਨੂੰ ਸੈਰ-ਸਪਾਟਾ, ਰੋਜ਼ੀ-ਰੋਟੀ ਨੂੰ ਉਤਸ਼ਾਹਿਤ ਕਰਨ ਅਤੇ ਸੱਭਿਆਚਾਰਕ ਕੂਟਨੀਤੀ ਨਾਲ ਪ੍ਰਗਤੀਸ਼ੀਲ ਤੌਰ ‘ਤੇ ਏਕੀਕ੍ਰਿਤ ਕੀਤਾ ਗਿਆ ਹੈ।

**ਵਿਰਾਸਤ ਨੂੰ ਅਪਣਾਓ**

ਸਤੰਬਰ 2017 ਵਿੱਚ ਸ਼ੁਰੂ ਅਤੇ ਸਤੰਬਰ 2023 ਵਿੱਚ ਪੁਨਰਗਠਿਤ ਵਿਰਾਸਤ ਨੂੰ ਅਪਣਾਏ 2.0 ਪ੍ਰੋਗਰਾਮ ਨਿਜੀ ਕੰਪਨੀਆਂ, ਜਨਤਕ ਖੇਤਰ ਦੇ ਉਪਕ੍ਰਮਾਂ, ਗੈਰ-ਸਰਕਾਰੀ ਸੰਗਠਨਾਂ, ਟਰਸਟਾਂ ਅਤੇ ਸੋਸਾਇਟੀਆਂ ਨਾਲ ਸਹਿਯੋਗ ਲਈ ਇੱਕ ਮਜ਼ਬੂਤ ਰੂਪ-ਰੇਖਾ ਤਿਆਰ ਕਰਦਾ ਹੈ। ਇਹ ਰਾਸ਼ਟਰੀ ਮਹੱਤਵ ਦੇ ਸੁਰੱਖਿਅਤ ਸਮਾਰਕਾਂ 'ਤੇ ਸੈਲਾਨੀ-ਅਨੁਕੂਲ ਸਹੂਲਤਾਂ ਦੇ ਵਿਕਾਸ ਅਤੇ ਰੱਖ-ਰਖਾਅ ਬਣਾਏ ਰੱਖਣ 'ਤੇ ਕੇਂਦ੍ਰਿਤ ਕਰਦਾ ਹੈ। ਇਸ ਦੇ ਲਈ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀਐੱਸਆਰ) ਅਤੇ ਹੋਰ ਤਰ੍ਹਾਂ ਦੇ ਯੋਗਦਾਨਾਂ ਰਾਹੀਂ ਮਦਦ ਪ੍ਰਦਾਨ ਕੀਤੀ ਜਾਂਦੀ ਹੈ। ਇਸ ਪਹਿਲਕਦਮੀ ਦਾ ਉਦੇਸ਼ ਸੈਲਾਨੀਆਂ ਦੇ ਅਨੁਭਵ ਨੂੰ ਬਿਹਤਰ ਬਣਾਉਣਾ ਹੈ।




ਮਾਰਚ 2026 ਤੱਕ ਅਡਾਪਟ ਹੈਰੀਟੇਜ 2.0 ਪ੍ਰੋਗਰਾਮ ਦੇ ਤਹਿਤ ਕੁੱਲ 30 ਸਮਝੌਤਿਆਂ 'ਤੇ ਹਸਤਾਖਰ ਕੀਤੇ ਗਏ ਹਨ।

ਪ੍ਰੋਗਰਾਮ ਪਹਿਲਾਂ ਹੀ ਸਾਈਟ ਪ੍ਰਬੰਧਨ ਵਿੱਚ ਸੁਧਾਰ ਅਤੇ ਜਨਤਕ ਭਾਗੀਦਾਰੀ ਵਿੱਚ ਵਾਧੇ ਵਜੋਂ ਮਹੱਤਵਪੂਰਨ ਨਤੀਜੇ ਦਿਖਾ ਰਿਹਾ ਹੈ। ਇਹ ਅਪਣਾਏ ਗਏ ਸਮਾਰਕਾਂ 'ਤੇ ਮਹੱਤਵਪੂਰਨ ਵਿਜ਼ਟਰਾਂ ਦੀ ਭਾਗੀਦਾਰੀ ਤੋਂ ਸਪਸ਼ਟ ਹੁੰਦਾ ਹੈ, ਜਿਸ ਨੇ ਵਿੱਤੀ ਵਰ੍ਹੇ 2024-25 ਦੌਰਾਨ ਕੁੱਲ 13.59 ਮਿਲੀਅਨ ਸੈਲਾਨੀਆਂ ਦੀ ਆਮਦਨ ਦਰਜ ਕੀਤੀ।
ਇਹ ਅੰਕੜੇ ਸੈਲਾਨੀਆਂ ਦੀ ਮਜ਼ਬੂਤ ਦਿਲਚਸਪੀ ਨੂੰ ਦਰਸਾਉਂਦੇ ਹਨ ਅਤੇ ਸੁਝਾਅ ਦਿੰਦੇ ਹਨ ਕਿ ਪ੍ਰੋਗਰਾਮ ਦੇ ਤਹਿਤ ਬਿਹਤਰ ਸਹੂਲਤਾਂ, ਸੇਵਾਵਾਂ ਅਤੇ ਸਾਈਟ 'ਤੇ ਸਹੂਲਤ, ਵਿਰਾਸਤੀ ਸਥਾਨਾਂ 'ਤੇ ਬਿਹਤਰ ਸੈਲਾਨੀ ਅਨੁਭਵ ਅਤੇ ਉੱਚ ਸ਼ਮੂਲੀਅਤ ਵਿੱਚ ਯੋਗਦਾਨ ਪਾ ਰਹੀਆਂ ਹਨ।

**ਤੀਰਥ ਯਾਤਰਾ ਪੁਨਰ ਸੁਰਜੀਤੀ ਅਤੇ ਅਧਿਆਤਮਿਕ ਵਿਰਾਸਤ ਪ੍ਰਚਾਰ ਮੁਹਿੰਮ" (ਪ੍ਰਸਾਦ)**

ਪ੍ਰਸਾਦ ਯੋਜਨਾ ਜਨਵਰੀ 2015 ਵਿੱਚ ਸ਼ੁਰੂ ਕੀਤੀ ਗਈ ਸੀ। ਇਹ ਯੋਜਨਾ ਪੂਰੇ ਭਾਰਤ ਵਿੱਚ ਤੀਰਥ ਸਥਾਨਾਂ ਅਤੇ ਵਿਰਾਸਤੀ ਸੈਰ-ਸਪਾਟਾ ਸਥਾਨਾਂ ਨੂੰ ਵਿਕਸਿਤ ਕਰਦੀ ਹੈ। ਇਹ ਬੁਨਿਆਦੀ ਢਾਂਚੇ, ਸਫਾਈ, ਸੁਰੱਖਿਆ ਅਤੇ ਸੈਲਾਨੀਆਂ ਦੀਆਂ ਸਹੂਲਤਾਂ ਵਿੱਚ ਸੁਧਾਰ ਕਰਦੀ ਹੈ।

ਮੁੱਖ ਪ੍ਰਾਪਤੀਆਂ:

- ਫਰਵਰੀ 2026 ਤੱਕ, ਮੰਤਰਾਲੇ ਨੇ 28 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਪ੍ਰਸਾਦ ਯੋਜਨਾ ਦੇ ਤਹਿਤ ਕੁੱਲ 54 ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਹੈ। ਇਨ੍ਹਾਂ ਪ੍ਰੋਜੈਕਟਾਂ ਦੀ ਕੁੱਲ ਅਨੁਮਾਨਿਤ ਲਾਗਤ 1,726.74 ਕਰੋੜ ਰੁਪਏ ਹੈ।
- ਇਨ੍ਹਾਂ 54 ਪ੍ਰੋਜੈਕਟਾਂ ਵਿੱਚੋਂ, 32 ਪ੍ਰੋਜੈਕਟ ਅਸਲ ਵਿੱਚ ਪੂਰੇ ਹੋ ਚੁੱਕੇ ਹਨ।
- 47.12 ਕਰੋੜ ਰੁਪਏ ਦੀ ਲਾਗਤ ਵਾਲੇ ਸੋਮਨਾਥ ਪ੍ਰੋਮਨੇਡ ਵਿਕਾਸ ਪ੍ਰੋਜੈਕਟ ਦੇ ਨਾਲ, ਸੋਮਨਾਥ ਹੁਣ ਇੱਕ ਪ੍ਰਮੁੱਖ ਅਧਿਆਤਮਿਕ ਸੈਰ-ਸਪਾਟਾ ਸਥਾਨ ਬਣ ਗਿਆ ਹੈ।
- ਇਸੇ ਤਰ੍ਹਾਂ, ਕੇਦਾਰਨਾਥ ਪ੍ਰਸਾਦ ਪ੍ਰੋਜੈਕਟ ਨੇ ਪੂਰੇ ਕੇਦਾਰਨਾਥ ਸਰਕਟ ਵਿੱਚ ਤੀਰਥ ਸਹੂਲਤਾਂ, ਪਹੁੰਚਯੋਗਤਾ, ਸਵੱਛਤਾ, ਯਾਤਰੀ ਸੇਵਾਵਾਂ ਅਤੇ ਸੈਰ-ਸਪਾਟਾ ਬੁਨਿਆਦੀ ਢਾਂਚੇ ਵਿੱਚ ਕਾਫ਼ੀ ਸੁਧਾਰ ਕੀਤਾ ਹੈ। ਸਿਰਫ ਮੌਜੂਦਾ ਸੀਜ਼ਨ ਵਿੱਚ 5 ਲੱਖ ਤੋਂ ਵੱਧ ਸ਼ਰਧਾਲੂਆਂ ਨੇ ਇਸ ਸਥਾਨ ਦਾ ਦੌਰਾ ਕੀਤਾ ਹੈ।

ਆਈਆਈਐੱਮ ਰੋਹਤਕ ਨੇ ਆਪਣੀ 2021 ਦੀ ਰਿਪੋਰਟ, "ਕੇਂਦਰੀ ਖੇਤਰ ਯੋਜਨਾ ਪ੍ਰਸਾਦ ਦਾ ਮੁਲਾਂਕਣ" ਵਿੱਚ ਇਸ ਯੋਜਨਾ ਦੀਆਂ ਪ੍ਰਾਪਤੀਆਂ ਨੂੰ ਉਜਾਗਰ ਕੀਤਾ। ਰਿਪੋਰਟ ਵਿੱਚ ਇਸ ਗੱਲ ਦਾ ਜ਼ਿਕਰ ਕੀਤਾ ਗਿਆ ਹੈ ਕਿ ਇਸ ਯੋਜਨਾ ਨੇ ਚੋਣਵੇਂ ਵਿਰਾਸਤੀ ਸਥਾਨਾਂ ‘ਤੇ ਸੈਲਾਨੀਆਂ ਦੀ ਸੰਤੁਸ਼ਟੀ, ਯਾਤਰਾ ਦੀ ਸੌਖ ਅਤੇ ਸਥਾਨਾਂ ਦੀ ਸੁੰਦਰਤਾ ਦੇ ਪਹਿਲੂਆਂ ਨੂੰ ਬਿਹਤਰ ਬਣਾਉਣ ਵਿੱਚ ਮਦਦ ਕੀਤੀ ਹੈ। ਨਾਲ ਹੀ, ਰਿਪੋਰਟ ਵਿੱਚ ਇੱਹ ਵੀ ਦੱਸਿਆ ਗਿਆ ਹੈ ਕਿ ਇਸ ਯੋਜਨਾ ਦੇ ਨਤੀਜੇ ਵਜੋਂ ਸੈਲਾਨੀ ਅਨੁਭਵ ਦੇ ਸਮੁੱਚੇ ਅਨੁਭਵ ਵਿੱਚ ਸਕਾਰਾਤਮਕ ਵਾਧਾ ਹੋਇਆ ਹੈ।

**ਸਵਦੇਸ਼ ਦਰਸ਼ਨ 1.0**

- 2014-15 ਵਿੱਚ ਸ਼ੁਰੂ ਕੀਤੀ ਗਈ, ਸਵਦੇਸ਼ ਦਰਸ਼ਨ ਯੋਜਨਾ ਥੀਮੈਟਿਕ ਟੂਰਿਸਟ ਸਰਕਟਾਂ ਦੇ ਅੰਦਰ ਸੈਰ-ਸਪਾਟਾ ਬੁਨਿਆਦੀ ਢਾਂਚੇ ਦੇ ਏਕੀਕ੍ਰਿਤ ਵਿਕਾਸ ਲਈ ਇੱਕ ਪ੍ਰਮੁੱਖ ਯੋਜਨਾ ਰਹੀ ਹੈ। ਇਹ ਯੋਜਨਾ ਵਿਰਾਸਤ, ਅਧਿਆਤਮਿਕ, ਤਟਵਰਤੀ, ਮਾਰੂਥਲ, ਬੋਧੀ, ਕਬਾਇਲੀ ਅਤੇ ਈਕੋ-ਟੂਰਿਜ਼ਮ ਸਥਾਨਾਂ ਨੂੰ ਕਵਰ ਕਰਨ ਵਾਲੇ ਏਕੀਕ੍ਰਿਤ ਟੂਰਿਜ਼ਮ ਸਰਕਟਾਂ ਦੇ ਵਿਕਾਸ 'ਤੇ ਕੇਂਦ੍ਰਿਤ ਸੀ।
- 5,290.33 ਕਰੋੜ ਰੁਪਏ ਦੇ ਕੁੱਲ ਨਿਵੇਸ਼ ਨਾਲ 76 ਸੈਰ-ਸਪਾਟਾ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਗਈ ਸੀ।
- ਮਾਰਚ 2026 ਤੱਕ, ਇਨ੍ਹਾਂ ਪ੍ਰੋਜੈਕਟਾਂ ਵਿੱਚੋਂ 75 ਪ੍ਰੋਜੈਕਟ ਅਸਲ ਵਿੱਚ ਪੂਰੇ ਕੀਤੇ ਜਾ ਚੁੱਕੇ ਹਨ।
- ਸਰਕਟ-ਅਧਾਰਿਤ ਵਿਕਾਸ ਤੋਂ ਪਰੇ ਇੱਕ ਡੈਸਟੀਨੇਸ਼ਨ-ਅਧਾਰਿਤ ਪਹੁੰਚ ਵੱਲ ਵਧਣ ਦੇ ਉਦੇਸ਼ ਨਾਲ, ਸਵਦੇਸ਼ ਦਰਸ਼ਨ ਯੋਜਨਾ ਨੂੰ ਸਵਦੇਸ਼ ਦਰਸ਼ਨ 2.0 ਦੇ ਰੂਪ ਵਿੱਚ ਪੁਨਰਗਠਿਤ ਕੀਤਾ ਗਿਆ ਸੀ। ਇਹ ਯੋਜਨਾ ਹੁਣ ਟਿਕਾਊ, ਜ਼ਿੰਮੇਵਾਰ ਅਤੇ ਵਿਸ਼ਵ ਪੱਧਰ 'ਤੇ ਪ੍ਰਤੀਯੋਗੀ ਸੈਰ-ਸਪਾਟਾ ਸਥਾਨਾਂ ਨੂੰ ਵਿਕਸਿਤ ਕਰਨ 'ਤੇ ਕੇਂਦ੍ਰਿਤ ਹੈ ਜੋ ਵਧੀਆ ਸੈਲਾਨੀ ਅਨੁਭਵ ਪ੍ਰਦਾਨ ਕਰਦੇ ਹਨ।
- ਸਵਦੇਸ਼ ਦਰਸ਼ਨ 2.0 ਦੇ ਤਹਿਤ, 2,208.31 ਕਰੋੜ ਰੁਪਏ ਦੇ ਕੁੱਲ ਨਿਵੇਸ਼ ਨਾਲ 53 ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਹ ਪ੍ਰੋਜੈਕਟ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੁਆਰਾ ਲਾਗੂ ਕਰਨ ਦੇ ਵੱਖ-ਵੱਖ ਪੜਾਵਾਂ ਵਿੱਚ ਹਨ।

**ਚੁਣੌਤੀ ਅਧਾਰਿਤ ਡੈਸਟੀਨੇਸ਼ਨ ਵਿਕਾਸ (ਸੀਬੀਡੀਡੀ)**


ਮਾਰਚ 2024 ਵਿੱਚ ਸਵਦੇਸ਼ ਦਰਸ਼ਨ 2.0 ਦੇ ਤਹਿਤ ਸ਼ੁਰੂ ਕੀਤੀ ਗਈ ਚੁਣੌਤੀ-ਅਧਾਰਿਤ ਡੈਸਟੀਨੇਸ਼ਨ ਵਿਕਾਸ (ਸੀਬੀਡੀਡੀ) ਦਾ ਉਦੇਸ਼ ਇੱਕ ਪ੍ਰਤੀਯੋਗੀ, ਚੁਣੌਤੀ-ਅਧਾਰਿਤ ਢਾਂਚੇ ਰਾਹੀਂ ਸੈਰ-ਸਪਾਟਾ ਵਿਕਾਸ ਨੂੰ ਉਤਸ਼ਾਹਿਤ ਕਰਨਾ ਹੈ। ਇਸ ਪਹਿਲਕਦਮੀ ਦਾ ਉਦੇਸ਼ ਸੰਪੂਰਨ ਯੋਜਨਾਬੰਦੀ, ਨਵੀਨਤਾ ਅਤੇ ਭਾਈਚਾਰਕ ਭਾਗੀਦਾਰੀ ਰਾਹੀਂ ਸਥਾਨਾਂ ਨੂੰ ਟਿਕਾਊ ਸੈਰ-ਸਪਾਟਾ ਕੇਂਦਰਾਂ ਵਿੱਚ ਬਦਲਣਾ ਹੈ।

- ਸੀਬੀਡੀਡੀ ਦੇ ਤਹਿਤ 697.94 ਕਰੋੜ ਰੁਪਏ ਦੇ ਨਿਵੇਸ਼ ਨਾਲ 38 ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ।

**ਪੁਰਾਤੱਤਵ ਅਤੇ ਸਮਾਰਕ ਸੰਭਾਲ**

ਭਾਰਤੀ ਪੁਰਾਤੱਤਵ ਸਰਵੇਖਣ (ਏਐੱਸਆਈ)

ਭਾਰਤੀ ਪੁਰਾਤੱਤਵ ਸਰਵੇਖਣ (ਏਐੱਸਆਈ) ਭਾਰਤ ਦੀ ਸੱਭਿਆਚਾਰਕ ਵਿਰਾਸਤ ਦੀ ਪੁਰਾਤੱਤਵ ਖੋਜ ਅਤੇ ਸੰਭਾਲ ਲਈ ਇੱਕ ਪ੍ਰਮੁੱਖ ਸੰਸਥਾ ਹੈ। ਏਐੱਸਆਈ ਆਪਣੇ ਕਾਰਜਾਂ ਦਾ ਸੰਚਾਲਨ ਲਗਭਗ 38 ਸਰਕਲਾਂ ਦੇ ਇੱਕ ਨੈੱਟਵਰਕ ਰਾਹੀਂ ਕੰਮ ਕਰਦਾ ਹੈ, ਜੋ ਖੇਤਰੀ ਪ੍ਰਸ਼ਾਸਕੀ ਇਕਾਈਆਂ ਵਜੋਂ ਕੰਮ ਕਰਦੇ ਹਨ।




ਅਪ੍ਰੈਲ 2026 ਤੱਕ, ਭਾਰਤ ਵਿੱਚ ਏਐੱਸਆਈ ਅਧੀਨ ਕੁੱਲ 3,686 ਕੇਂਦਰੀ ਤੌਰ 'ਤੇ ਸੁਰੱਖਿਅਤ ਸਮਾਰਕ ਹਨ।

ਸਾਲ 2024-25 ਲਈ ਸਰਕਾਰ ਦੁਆਰਾ ਸੁਰੱਖਿਅਤ ਸਮਾਰਕਾਂ ਦੀ ਸੰਭਾਲ ਅਤੇ ਰੱਖ-ਰਖਾਅ ਲਈ ਲਗਭਗ 374 ਕਰੋੜ ਰੁਪਏ ਅਲਾਟ ਕੀਤੇ ਗਏ ਸਨ।

**ਰਾਸ਼ਟਰੀ ਸਮਾਰਕਾਂ ਅਤੇ ਪੁਰਾਤਨ ਵਸਤਾਂ ਲਈ ਮਿਸ਼ਨ (ਐੱਨਐੱਮਐੱਮਏ)**

ਏਐੱਸਆਈ ਦੇ ਅਧੀਨ ਸਮਾਰਕਾਂ ਅਤੇ ਪੁਰਾਤਨਤਾਵਾਂ ਬਾਰੇ ਰਾਸ਼ਟਰੀ ਮਿਸ਼ਨ ਲਾਗੂ ਕੀਤਾ ਗਿਆ ਹੈ। ਇਹ ਭਾਰਤ ਦੀ ਬਣੀ ਵਿਰਾਸਤ ਅਤੇ ਪੁਰਾਤਨ ਵਸਤਾਂ ਦਾ ਇੱਕ ਭਰੋਸੇਯੋਗ ਰਾਸ਼ਟਰੀ ਡੇਟਾਬੇਸ ਬਣਾ ਕੇ ਸੰਭਾਲ ਦੇ ਯਤਨਾਂ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਸ ਦਾ ਉਦੇਸ਼ ਦੇਸ਼ ਭਰ ਦੇ ਸਾਰੇ ਸਮਾਰਕਾਂ ਅਤੇ ਪੁਰਾਤਨ ਵਸਤਾਂ ਨੂੰ ਦਸਤਾਵੇਜ਼ ਅਤੇ ਸੂਚੀਬੱਧ ਕਰਨਾ ਹੈ, ਜਿਸ ਨਾਲ ਸੰਭਾਲ ਕਾਰਜਾਂ ਦੀ ਯੋਜਨਾਬੰਦੀ, ਤਰਜੀਹ ਨਿਰਧਾਰਨ ਅਤੇ ਨਿਗਰਾਨੀ ਵਿੱਚ ਮਦਦ ਮਿਲਦੀ ਹੈ।

- ਮਾਰਚ 2026 ਤੱਕ, ਐੱਨਐੱਮਐੱਮਏ ਨੇ ਬਿਲਟ ਹੈਰੀਟੇਜ ਅਤੇ ਸਾਈਟਾਂ ਸਮੇਤ 1.84 ਲੱਖ ਸਮਾਰਕਾਂ ਦਾ ਦਸਤਾਵੇਜ਼ੀਕਰਣ ਕੀਤਾ ਹੈ। ਇਸ ਦੇ ਨਾਲ ਹੀ ਦੇਸ਼ ਭਰ ਵਿੱਚ 17.20 ਲੱਖ ਪੁਰਾਤਨ ਵਸਤਾਂ ਦਾ ਵੀ ਦਸਤਾਵੇਜ਼ੀਕਰਣ ਕੀਤਾ ਗਿਆ ਹੈ।




**ਹਿਰਦੇ ਯੋਜਨਾ**

ਨੈਸ਼ਨਲ ਹੈਰੀਟੇਜ ਟਾਊਨ ਡਿਵੈਲਪਮੈਂਟ ਐਂਡ ਐਡਮੈਂਟੇਸ਼ਨ ਸਕੀਮ (HRIDAY) ਜਨਵਰੀ 2015 ਵਿੱਚ ਸ਼ੁਰੂ ਕੀਤੀ ਗਈ ਸੀ। ਇਹ ਇੱਕ ਕੇਂਦਰੀ ਖੇਤਰ ਦੀ ਸਕੀਮ ਹੈ, ਜਿਸਦਾ ਉਦੇਸ਼ ਸ਼ਹਿਰੀ ਵਿਕਾਸ ਨੂੰ ਵਿਰਾਸਤੀ ਸੰਭਾਲ ਨਾਲ ਜੋੜਨਾ ਹੈ। ਇਸ ਸਕੀਮ ਦਾ ਮੁੱਖ ਫੋਕਸ ਵਿਰਾਸਤੀ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਂਦੇ ਹੋਏ ਸ਼ਹਿਰਾਂ ਦੇ ਵਿਲੱਖਣ ਚਰਿੱਤਰ ਨੂੰ ਸੁਰੱਖਿਅਤ ਰੱਖਣਾ ਸੀ।

ਹਰੇਕ ਸ਼ਹਿਰ ਦੀ ਸੱਭਿਆਚਾਰਕ ਪਛਾਣ ਨੂੰ ਬਣਾਈ ਰੱਖਦੇ ਹੋਏ ਸਵੱਛਤਾ, ਸੁਰੱਖਿਆ, ਸੈਰ-ਸਪਾਟਾ ਅਤੇ ਰੋਜ਼ੀ-ਰੋਟੀ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ।

ਇਹ ਸਕੀਮ ਭਾਰਤ ਭਰ ਦੇ 12 ਸ਼ਹਿਰਾਂ ਵਿੱਚ ਲਾਗੂ ਕੀਤੀ ਗਈ।

- ਅਜਮੇਰ, ਅਮਰਾਵਤੀ ਅਤੇ ਬਾਦਾਮੀ ਵਿੱਚ ਸਫਾਈ, ਸੈਰ-ਸਪਾਟਾ ਅਤੇ ਭਾਈਚਾਰਕ ਵਿਕਾਸ ਵਿੱਚ ਸੁਧਾਰ ਦੇਖਿਆ ਗਿਆ।
- ਅੰਮ੍ਰਿਤਸਰ, ਗਯਾ ਅਤੇ ਵਾਰਾਣਸੀ ਵਿੱਚ ਵਿਰਾਸਤੀ ਪੁਨਰ ਸੁਰਜੀਤੀ, ਸਮਾਵੇਸ਼ਿਤਾ ਅਤੇ ਆਰਥਿਕ ਵਿਕਾਸ ਨੂੰ ਤਰਜੀਹ ਦਿੱਤੀ ਗਈ।
- ਵਾਰੰਗਲ ਅਤੇ ਪੁਰੀ ਵਿੱਚ ਸੈਰ-ਸਪਾਟਾ ਅਤੇ ਜਨਤਕ ਸਹੂਲਤਾਂ ਵਿੱਚ ਵਾਧਾ ਹੋਇਆ।
- ਕਾਂਚੀਪੁਰਮ ਅਤੇ ਮਥੁਰਾ ਵਿੱਚ ਸੁਰੱਖਿਆ ਅਤੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਦੇਖਿਆ ਗਿਆ।
- ਵੇਲੰਕੰਨੀ ਵਾਤਾਵਰਣ ਸਥਿਰਤਾ ਅਤੇ ਵਿਰਾਸਤੀ ਸੰਭਾਲ ਲਈ ਵਿਸ਼ੇਸ਼ ਤੌਰ 'ਤੇ ਮਹੱਤਵਪੂਰਨ ਰਿਹਾ।

ਕੁੱਲ ਮਿਲਾ ਕੇ, ਇਸ ਯੋਜਨਾ ਨੇ ਨਿਵਾਸੀਆਂ ਦੇ ਜੀਵਨ ਦੀ ਗੁਣਵੱਤਾ ਵਿੱਚ ਸਕਾਰਾਤਮਕ ਸੁਧਾਰ ਕੀਤਾ ਅਤੇ ਸੈਰ-ਸਪਾਟੇ ਨੂੰ ਵੀ ਉਤਸ਼ਾਹਿਤ ਕੀਤਾ।
ਮਿਸ਼ਨ ਦੀ ਮਿਆਦ 31 ਮਾਰਚ, 2019 ਨੂੰ ਖਤਮ ਹੋ ਗਈ।

**ਪ੍ਰਮੁੱਖ ਵਿਰਾਸਤੀ ਸਥਾਨਾਂ ਦਾ ਪੁਨਰ ਵਿਕਾਸ**

- ਕਾਸ਼ੀ ਵਿਸ਼ਵਨਾਥ ਕੌਰੀਡੋਰ ਜਿਸ ਦਾ 13 ਦਸੰਬਰ 2021 ਨੂੰ ਉਦਘਾਟਨ ਕੀਤਾ ਗਿਆ, ਇੱਕ ਪਰਿਵਰਤਨਸ਼ੀਲ ਪ੍ਰੋਜੈਕਟ ਹੈ, ਜਿਸ ਦਾ ਨਿਰਮਾਣ355 ਕਰੋੜ ਰੁਪਏ ਦੀ ਲਾਗਤ ਨਾਲ ਲਗਭਗ 5.5 ਏਕੜ ਖੇਤਰ ਵਿੱਚ ਕੀਤਾ ਗਿਆ ਹੈ। ਇਹ ਪ੍ਰੋਜੈਕਟ ਵਾਰਾਣਸੀ ਦੇ ਕਾਸ਼ੀ ਵਿਸ਼ਵਨਾਥ ਮੰਦਰ ਨੂੰ ਚੌੜੀ ਚਾਰ ਲੇਨ ਸੜਕ ਰਾਹੀਂ ਗੰਗਾ ਨਦੀ ਨਾਲ ਸਿੱਧਾ ਜੋੜਦਾ ਹੈ। ਇਸ ਪ੍ਰੋਜੈਕਟ ਨੇ ਤੀਰਥ ਯਾਤਰੀਆਂ ਲਈ ਪਹੁੰਚਯੋਗਤਾ ਨੂੰ ਬਿਹਤਰ ਬਣਾਇਆ ਹੈ ਅਤੇ ਮੰਦਰ ਕੰਪਲੈਕਸ ਵਿੱਚ ਆਵਾਜਾਈ ਨੂੰ ਸੌਖਾ ਕੀਤਾ ਹੈ, ਜਿਸ ਨਾਲ ਸਮੁੱਚੇ ਵਿਜ਼ਿਟਰ ਅਨੁਭਵ ਵਿੱਚ ਮਹੱਤਵਪੂਰਨ ਸੁਧਾਰ ਹੋਇਆ ਹੈ।

- ਦਸੰਬਰ 2021 ਵਿੱਚ ਆਪਣੇ ਉਦਘਾਟਨ ਤੋਂ ਬਾਅਦ, ਸ਼੍ਰੀ ਕਾਸ਼ੀ ਵਿਸ਼ਵਨਾਥ ਧਾਮ ਕੌਰੀਡੋਰ ਨੇ ਸਿਰਫ਼ 3.5ਵਰ੍ਹਿਆਂ ਵਿੱਚ 25.28 ਕਰੋੜ ਤੋਂ ਵੱਧ ਸ਼ਰਧਾਲੂਆਂ ਦੀ ਆਮਦ ਦਰਜ ਕੀਤੀ ਹੈ। ਇਸ ਪ੍ਰੋਜੈਕਟ ਨੇ ਲਗਭਗ 1.25 ਲੱਖ ਕਰੋੜ ਰੁਪਏ ਦਾ ਆਰਥਿਕ ਪ੍ਰਭਾਵ ਪੈਦਾ ਕੀਤਾ ਹੈ, ਜਿਸ ਦਾ ਔਸਤ ਪ੍ਰਤੀ ਵਿਅਕਤੀ ਖਰਚ 4,000 ਰੁਪਏ –5,000 ਰੁਪਏ ਹੋਣ ਦਾ ਅਨੁਮਾਨ ਹੈ। ਲਗਭਗ 70% ਸੈਲਾਨੀ ਦੱਖਣ ਭਾਰਤ ਤੋਂ ਹਨ, ਜਦੋਂ ਕਿ ਲਗਭਗ 15% ਦੂਜੇ ਰਾਜਾਂ ਤੋਂ ਹਨ।
- ਸੋਮਨਾਥ ਵਿਖੇ ਮੰਦਰ ਦੇ ਆਲੇ-ਦੁਆਲੇ ਦੇ ਖੇਤਰਾਂ ਦੇ ਪੁਨਰ ਵਿਕਾਸ ਨਾਲ ਯਾਤਰੀਆਂ ਦੇ ਅਨੁਭਵ ਵਿੱਚ ਸੁਧਾਰ ਹੋਇਆ ਹੈ। ਇੱਥੇ1.5 ਕਿਲੋਮੀਟਰ ਲੰਬਾ ਪ੍ਰੋਮਨੇਡਦਾ ਵਿਕਾਸ ਕੀਤਾ ਗਿਆ ਹੈ, ਅਤੇ ਸਾਈਟ ਨੂੰ ਹੋਰ ਬਿਹਤਰ ਬਣਾਉਣ ਲਈ ਵਾਧੂ ਸੱਭਿਆਚਾਰਕ ਪ੍ਰੋਜੈਕਟਾਂ ਦੀ ਯੋਜਨਾ ਵੀ ਬਣਾਈ ਹੈ। ਇਹ ਤਬਦੀਲੀ 1951 ਵਿੱਚ ਸੋਮਨਾਥ ਮੰਦਰ ਦੇ ਪੁਨਰ ਨਿਰਮਾਣ ਅਤੇ ਮੁੜ ਉਦਘਾਟਨ ਦੀ 75ਵੀਂ ਵਰ੍ਹੇਗੰਢ ਦੇ ਨਾਲ ਮੇਲ ਖਾਂਦੀ ਹੈ, ਜਿਸ ਨੂੰ ਰਾਸ਼ਟਰੀ ਪੱਧਰ 'ਤੇ ਸੋਮਨਾਥ ਅੰਮ੍ਰਿਤ ਮਹੋਤਸਵ ਵਜੋਂ ਮਨਾਇਆ ਗਿਆ। ਇਸ ਵਰ੍ਹੇਗੰਢ ਨੇ ਸੋਮਨਾਥ ਨੂੰ ਸਿਰਫ ਇੱਕ ਪ੍ਰਮੁੱਖ ਤੀਰਥ ਸਥਾਨ ਵਜੋਂ ਹੀ ਨਹੀਂ, ਸਗੋਂ ਭਾਰਤ ਦੀ ਸੱਭਿਅਤਾਗਤ ਦ੍ਰਿੜ੍ਹਤਾ ਅਤੇ ਸੱਭਿਆਚਾਰਕ ਨਿਰੰਤਰਤਾ ਦੇ ਪ੍ਰਤੀਕ ਵਜੋਂ ਵੀ ਸਸ਼ਕਤ ਕੀਤਾ ਹੈ।
- ਸੋਮਨਾਥ ਮੰਦਿਰ ਵਿੱਚ ਹਰ ਵਰ੍ਹੇ ਲਗਭਗ 92-97 ਲੱਖ ਸ਼ਰਧਾਲੂਆਂ (ਸਾਲ 2020 ਵਿੱਚ ਲਗਭਗ 98 ਲੱਖ) ਦਾ ਆਗਮਨ ਦਰਜ ਕਰਦਾ ਹੈ। ਇਨ੍ਹਾਂ ਵਿੱਚੋਂ, 13.77 ਲੱਖ ਸ਼ਰਧਾਲੂ ਬਿਲਵ ਪੂਜਾ ਵਿੱਚ ਅਤੇ 2025 ਵਿੱਚ ਮਹਾਂਸ਼ਿਵਰਾਤਰੀ ਦੌਰਾਨ ਲਗਭਗ 3.56

ਲੱਖ ਸ਼ਰਧਾਲੂ ਸ਼ਾਮਲ ਰਹੇ। ਪਿਛਲੇ ਤਿੰਨ ਵਰ੍ਹਿਆਂ ਵਿੱਚ 10 ਲੱਖ ਤੋਂ ਵੱਧ ਦਰਸ਼ਕਾਂ ਦੁਆਰਾ ਲਾਈਟ ਐਂਡ ਸਾਊਂਡ ਸ਼ੋਅ ਦੇਖਿਆ ਗਿਆ ਹੈ। ਸਥਿਰਤਾ ਪਹਿਲਕਦਮੀਆਂ ਵਿੱਚ ਪ੍ਰਤੀ ਮਹੀਨਾ ਲਗਭਗ 30 ਲੱਖ ਲੀਟਰ ਗੰਦੇ ਪਾਣੀ ਦਾ ਸੋਧ, ਲਗਭਗ 7,200 ਰੁੱਖਾਂ ਵਾਲਾ ਮੀਆਵਾਕੀ ਜੰਗਲ, ਜੋ ਸਲਾਨਾ ਲਗਭਗ 93,000 ਕਿਲੋਗ੍ਰਾਮ $CO_2$ ਸੋਖਦਾ ਹੈ, ਪਲਾਸਟਿਕ ਦੇ ਕੂੜੇ ਤੋਂ ਪ੍ਰਤੀ ਮਹੀਨਾ ਲਗਭਗ 4,700 ਪੇਵਰ ਬਲਾਕ ਦਾ ਨਿਰਮਾਣ,ਸੋਮਗੰਗਾਜਲ ਪਹਿਲਕਦਮੀ ਰਾਹੀਂ ਲਗਭਗ 1.13 ਲੱਖ ਪਰਿਵਾਰਾਂ ਨੂੰ ਲਾਭ ਮਿਲਣਾ ਸ਼ਾਮਲ ਹੈ।

- ਕੇਦਾਰਨਾਥ ਵਿਖੇ ਪੁਨਰ ਵਿਕਾਸ ਦੇ ਯਤਨਾਂ ਦਾ ਮੁੱਖ ਉਦੇਸ਼ ਸ਼ਰਧਾਲੂਆਂ ਲਈ ਸੁਰੱਖਿਆ ਅਤੇ ਪਹੁੰਚਯੋਗਤਾ ਨੂੰ ਬਿਹਤਰ ਬਣਾਉਣਾ ਹੈ। 12.9 ਕਿਲੋਮੀਟਰ ਲੰਬੇ ਸੋਨਪ੍ਰਯਾਗ-ਕੇਦਾਰਨਾਥ ਰੋਪਵੇਅ ਨੂੰ ਰਾਸ਼ਟਰੀ ਰੋਪਵੇਅ ਵਿਕਾਸ ਪ੍ਰੋਗਰਾਮ (ਪਰਬਤਮਾਲਾ ਪ੍ਰੋਜੈਕਟ) ਦੇ ਤਹਿਤ 4,081.28 ਕਰੋੜ ਰੁਪਏ ਦੀ ਲਾਗਤ ਨਾਲ ਮਨਜ਼ੂਰੀ ਦਿੱਤੀ ਗਈ ਹੈ। ਇਹ ਰੋਪਵੇਅ ਉੱਨਤ 3S (ਟ੍ਰਾਈ-ਕੇਬਲ ਡਿਟੈਚੇਬਲ ਗੋਂਡੋਲਾ) ਤਕਨਾਲੋਜੀ 'ਤੇ ਅਧਾਰਿਤ ਹੋਵੇਗਾ,ਜਿਸਦੀ ਸਮਰੱਥਾ ਪ੍ਰਤੀ ਘੰਟੇ ਪ੍ਰਤੀ ਦਿਸ਼ਾ 1,800 ਯਾਤਰੀਆਂ ਹੋਵੇਗੀ।
- ਇਹ ਪ੍ਰੋਜੈਕਟ ਯਾਤਰਾ ਦੇ ਸਮੇਂ ਨੂੰ 8-9 ਘੰਟਿਆਂ ਤੋਂ ਘਟਾ ਕੇ ਸਿਰਫ਼ 36 ਮਿੰਟ ਕਰ ਦੇਵੇਗਾ, ਜਿਸ ਨਾਲ ਭਾਰਤ ਦੇ 12 ਜੋਤਿਰਲਿੰਗਾਂ ਵਿੱਚੋਂ ਇੱਕ, ਸੁਰੱਖਿਅਤ, ਵਾਤਾਵਰਣ-ਅਨੁਕੂਲ ਅਤੇ ਹਰ ਮੌਸਮ ਵਿੱਚ ਸੰਪਰਕ ਯਕੀਨੀ ਬਣਾਇਆ ਜਾਵੇਗਾ, ਇੱਕ ਅਜਿਹਾ ਸਥਾਨ ਜੋ ਸਲਾਨਾ ਲਗਭਗ 20 ਲੱਖ ਸ਼ਰਧਾਲੂਆਂ ਦਾ ਸੁਆਗਤ ਕਰਦਾ ਹੈ।

ਅਯੁੱਧਿਆ ਵਿੱਚ ਰਾਮ ਮੰਦਿਰ, ਜਿਸ ਦੀ ਪ੍ਰਾਣ ਪ੍ਰਤਿਸ਼ਠਾ ਜਨਵਰੀ 2024 ਵਿੱਚ ਸੰਪੰਨ ਹੋਈ ਸੀ, ਵੱਡੇ ਪੈਮਾਨੇ ‘ਤੇ ਕੀਤੇ ਗਏ ਸ਼ਹਿਰੀ ਵਿਕਾਸ ਕਾਰਜਾਂ ਨਾਲ ਸਮਰਥਨ ਹਨ। ਇਹ ਸ਼ਹਿਰ ਬਿਹਤਰ ਸੰਪਰਕ ਅਤੇ ਬੁਨਿਆਦੀ ਢਾਂਚੇ ਦੇ ਨਾਲ ਇੱਕ ਪ੍ਰਮੁੱਖ ਅਧਿਆਤਮਿਕ ਸਥਾਨ ਵਜੋਂ ਵਿਕਸਿਤ ਹੋ ਰਿਹਾ ਹੈ।

- ਅਯੁੱਧਿਆ ਵਿੱਚ ਸੈਰ-ਸਪਾਟੇ ਨਾਲ 2028 ਤੱਕ ਸਲਾਨਾ 18,000 ਕਰੋੜ ਰੁਪਏ ਦਾ ਮਾਲੀਆ ਪੈਦਾ ਹੋਣ ਦਾ ਅਨੁਮਾਨ ਹੈ, ਜੋ ਕਿ ਵਰਤਮਾਨ ਵਿੱਚ ਸੈਰ-ਸਪਾਟੇ ਤੋਂ 8,000 ਰੁਪਏ -12,500 ਕਰੋੜ ਰੁਪਏ ਵਿਚਕਾਰ ਸਲਾਨਾ ਮਾਲੀਆ ਪੈਦਾ ਹੁੰਦਾ ਹੈ। ਸੈਲਾਨੀਆਂ ਦੀ ਆਮਦ ਵਿੱਚ ਕਾਫ਼ੀ ਵਾਧਾ ਹੋਇਆ ਹੈ - 2023 ਵਿੱਚ 57.5 ਮਿਲੀਅਨ ਤੋਂ ਵੱਧ 2024 ਵਿੱਚ 160 ਮਿਲੀਅਨ ਤੋਂ ਵੱਧ ਹੋ ਗਈ ਹੈ, ਸਿਰਫ਼ 2025 ਦੇ ਪਹਿਲੇ ਛੇ ਮਹੀਨਿਆਂ ਵਿੱਚ 230 ਮਿਲੀਅਨ ਤੋਂ ਵੱਧ ਸ਼ਰਧਾਲੂਆਂ ਦਾ ਆਗਮਨ ਦਰਜ ਕੀਤਾਗਿਆ ਹੈ। ਰਾਜ ਦੁਆਰਾ ਵਿਕਾਸ ਲਈ 5,000 ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਕੀਤਾ ਜਾ ਰਿਹਾ ਹੈ। ਅਨੁਮਾਨ ਹੈ ਕਿ 2028 ਤੱਕ ਉੱਤਰ ਪ੍ਰਦੇਸ਼ ਦੀ ਅਨੁਮਾਨਿਤ 70,000 ਕਰੋੜ ਰੁਪਏ ਦੀ ਸੈਰ-ਸਪਾਟਾ ਆਰਥਿਕਤਾ ਵਿੱਚ ਅਯੁੱਧਿਆ ਦਾ ਲਗਭਗ 25% ਯੋਗਦਾਨ ਹੋਵੇਗਾ।
- ਉਜੈਨ ਵਿੱਚ ਮਹਾਕਾਲ ਪਬਲਿਕ ਵਰਕਸ ਪ੍ਰੋਜੈਕਟ ਨੇ ਮੰਦਰ ਕੰਪਲੈਕਸ ਦੇ ਆਲੇ-ਦੁਆਲੇ ਇੱਕ ਵਿਸ਼ਾਲ ਸੱਭਿਆਚਾਰਕ ਕੋਰੀਡੋਰ ਵਿਕਸਿਤ ਕੀਤਾ ਹੈ। ਲਗਭਗ 850 ਕਰੋੜ ਰੁਪਏ ਦੀ ਲਾਗਤ ਨਾਲ ਬਣੇ ਇਸ ਪ੍ਰੋਜੈਕਟ ਨੇ ਜਨਤਕ ਥਾਵਾਂ ਅਤੇ ਤੀਰਥ ਸਹੂਲਤਾਂ ਨੂੰ ਅਪਗ੍ਰੇਡ ਕੀਤਾ ਹੈ।
- ਅਸਾਮ ਵਿੱਚ ਮਾਂ ਕਾਮਾਖਿਆ ਦਿਵਿਆ ਲੋਕ ਪ੍ਰੋਜੈਕਟ ਕਾਮਾਖਿਆ ਮੰਦਰ ਕੰਪਲੈਕਸ ਵਿੱਚ ਬੁਨਿਆਦੀ ਢਾਂਚੇ ਦਾ ਆਧੁਨਿਕੀਕਰਣ ਕਰ ਰਿਹਾ ਹੈ। ਇਹ ਸ਼ਰਧਾਲੂਆਂ ਲਈ ਸਹੂਲਤਾਂ ਵਿੱਚ ਸੁਧਾਰ ਕਰ ਰਿਹਾ ਹੈ ਅਤੇ ਉੱਤਰ ਪੂਰਬੀ ਖੇਤਰ ਵਿੱਚ ਸੈਰ ਸਪਾਟੇ ਦੀ ਸੰਭਾਵਨਾ ਨੂੰ ਵੀ ਵਧਾ ਰਿਹਾ ਹੈ।

ਇਨ੍ਹਾਂ ਪਹਿਲਕਦਮੀਆਂ ਨੇ ਪ੍ਰਮੁੱਖ ਵਿਰਾਸਤੀ ਅਤੇ ਤੀਰਥ ਸਥਾਨਾਂ 'ਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਹੈ। ਪਹੁੰਚਯੋਗਤਾ ਅਤੇ ਵਿਜ਼ਿਟਰ ਅਨੁਭਵ ਵਿੱਚ ਮਹੱਤਵਪੂਰਨ ਸੁਧਾਰ ਕੀਤਾ ਹੈ। ਇਸ ਤੋਂ ਇਲਾਵਾ, ਇਨ੍ਹਾਂ ਯਤਨਾਂ ਨੇ ਦੇਸ਼ ਭਰ ਵਿੱਚ ਅਧਿਆਤਮਿਕ ਅਤੇ ਸੱਭਿਆਚਾਰਕ ਸੈਰ-ਸਪਾਟੇ ਦੇ ਵਿਕਾਸ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾਇਆ ਹੈ।

**ਕੂਟਨੀਤੀ ਅਤੇ ਦ੍ਰਿੜਤਾ ਰਾਹੀਂ ਸੱਭਿਆਚਾਰਕ ਵਿਰਾਸਤ ਨੂੰ ਸੁਰੱਖਿਅਤ ਰੱਖਣਾ**

ਸਦੀਆਂ ਤੋਂ, ਬਸਤੀਵਾਦੀ ਸ਼ਾਸਨ ਅਤੇ ਵਿਦੇਸ਼ੀ ਕਬਜ਼ੇ ਦੇ ਸਮੇਂ ਦੌਰਾਨ, ਕਈਧਾਰਮਿਕਅਤੇ ਇਤਿਹਾਸਕ ਮਹੱਤਵ ਵਾਲੀਆਂ ਬਹੁਤ ਸਾਰੀਆਂ ਪਵਿੱਤਰ ਅਵਸ਼ੇਸ਼ਾਂ ਅਤੇ ਪੁਰਾਤਨ ਵਸਤਾਂ ਨੂੰ ਵਿਦੇਸ਼ਾਂ ਵਿੱਚ ਲਿਜਾਇਆ ਗਿਆ ਸੀ। ਇਸ ਤੋਂ ਇਲਾਵਾ, ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਕਲਾਕ੍ਰਿਤੀਆਂ ਗੈਰ-ਕਾਨੂੰਨੀ ਤਸਕਰੀ ਦੁਆਰਾ ਗੁੰਮ ਹੋ ਗਈਆਂ। ਪਿਛਲੇ 12 ਵਰ੍ਹਿਆਂ ਵਿੱਚ, ਸਰਕਾਰ ਨੇ ਇਨ੍ਹਾਂ ਪਵਿੱਤਰ ਅਵਸ਼ੇਸ਼ਾਂ ਅਤੇ ਕਲਾਕ੍ਰਿਤੀਆਂ ਨੂੰ ਮੁੜ ਪ੍ਰਾਪਤ ਕਰਨ ਲਈ ਯਤਨ ਤੇਜ਼ ਕੀਤੇ ਹਨ।

**ਪਵਿੱਤਰ ਅਵਸ਼ੇਸ਼ਾਂ ਦੀ ਸਵਦੇਸ਼ ਵਾਪਸੀ**

**ਸਵਦੇਸ਼ ਵਾਪਸੀ ਸਬੰਧੀ ਮੁੱਖ ਉਪਲਬਧੀਆਂ ਵਿੱਚ ਸ਼ਾਮਲ ਹਨ:**

- ਭਗਵਾਨ ਬੁੱਧ ਦੇ ਪਿਪਰਹਵਾ ਦੇ ਅਵਸ਼ੇਸ਼, ਜੋ 127 ਵਰ੍ਹਿਆਂ ਬਾਅਦ 2025 ਵਿੱਚ ਵਾਪਸ ਲਿਆਏ ਗਏ।
- ਮਾਂ ਅੰਨਪੂਰਨਾ ਦੀ ਮੂਰਤੀ, ਜੋ 108 ਵਰ੍ਹਿਆਂ ਬਾਅਦ 2021 ਵਿੱਚ ਕੈਨੇਡਾ ਤੋਂ ਵਾਪਸ ਭੇਜੀ ਗਈ ਸੀ।
- ਰਾਮ, ਸੀਤਾ ਅਤੇ ਲਕਸ਼ਮਣ ਦੀਆਂ ਕਾਂਸੀ ਦੀਆਂ ਮੂਰਤੀਆਂ, ਜਿਨ੍ਹਾਂ ਨੂੰ 2020 ਵਿੱਚ ਬਰਤਾਨੀਆ ਤੋਂ ਵਾਪਸ ਭੇਜੀਆਂ ਗਈਆਂ।

ਇਸ ਤੋਂ ਇਲਾਵਾ, ਆਸਟ੍ਰੇਲੀਆ, ਅਮਰੀਕਾ, ਬ੍ਰਿਟੇਨ, ਜਰਮਨੀ, ਸਿੰਗਾਪੁਰ ਅਤੇ ਕੈਨੇਡਾ ਤੋਂ ਪਵਿੱਤਰ ਅਤੇ ਸੱਭਿਆਚਾਰਕ ਵਸਤੂਆਂ ਵੀ ਵਾਪਸ ਲਿਆਂਦੀਆਂ ਗਈਆਂ ਹਨ।

**ਪਵਿੱਤਰ ਅਵਸ਼ੇਸ਼ਾਂ ਦੀ ਵਿਸ਼ਵਵਿਆਪੀ ਪ੍ਰਦਰਸ਼ਨੀ**

ਭਾਰਤ ਨੇ ਸੱਭਿਆਚਾਰਕ ਅਤੇ ਸੱਭਿਅਤਾ ਦੇ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਪਵਿੱਤਰ ਬੁੱਧ ਅਵਸ਼ੇਸ਼ਾਂ ਦੀਆਂ ਅੰਤਰਰਾਸ਼ਟਰੀ ਪ੍ਰਦਰਸ਼ਨੀਆਂ ਦਾ ਵਿਸਤਾਰ ਕੀਤਾ ਹੈ।

ਵੀਅਤਨਾਮ (2025): 1.5 ਕਰੋੜ ਤੋਂ ਵੱਧ ਸ਼ਰਧਾਲੂ

ਕਾਲਮੀਕੀਆ, ਰੂਸ (2025): 90,000 ਤੋਂ ਵੱਧ ਸੈਲਾਨੀ

ਭੂਟਾਨ (2025): ਗਲੋਬਲ ਪੀਸ ਪ੍ਰਾਰਥਨਾ ਉਤਸਵ ਦੌਰਾਨ ਪ੍ਰਦਰਸ਼ਨੀ


ਸ੍ਰੀਲੰਕਾ (2026): ਕੋਲੰਬੋ ਸਥਿਤ ਗੰਗਾਰਾਮਾਇਆ ਮੰਦਰ ਵਿਖੇ ਪ੍ਰਦਰਸ਼ਨੀ

ਇਸ ਤੋਂ ਇਲਾਵਾ, 2026 ਵਿੱਚ ਨਵੀਂ ਦਿੱਲੀ ਅਤੇ ਲੱਦਾਖ ਵਿੱਚ ਘਰੇਲੂ ਤੌਰ 'ਤੇ ਪ੍ਰਦਰਸ਼ਨੀਆਂ ਵੀ ਲਗਾਈਆਂ ਗਈਆਂ, ਜਿਨ੍ਹਾਂ ਵਿੱਚ ਬਰਾਮਦ ਕੀਤੇ ਗਏ ਪਿਪ੍ਰਹਵਾ ਅਵਸ਼ੇਸ਼ਾਂ ਨੂੰ ਪ੍ਰਦਰਸ਼ਿਤ ਕੀਤਾ ਗਿਆ।

**ਪੁਰਾਤਨ ਵਸਤਾਂ ਦੀ ਸਵਦੇਸ਼ ਵਾਪਸੀ**

ਭਾਰਤ ਦੀ ਚੋਰੀ ਹੋਈ ਵਿਰਾਸਤ ਨੂੰ ਵਾਪਸ ਲਿਆਉਣ ਲਈ ਪਿਛਲੇ ਕੁਝ ਵਰ੍ਹਿਆਂ ਵਿੱਚ ਸੱਭਿਆਚਾਰਕ ਕਲਾਕ੍ਰਿਤੀਆਂ ਦੀ ਸਵਦੇਸ਼ ਵਾਪਸੀ ਨੂੰ ਕਾਫ਼ੀ ਮਜ਼ਬੂਤ ਕੀਤਾ ਗਿਆ ਹੈ। ਮਈ 2026 ਤੱਕ, ਸਾਲ 2014 ਤੋਂ ਹੁਣ ਤੱਕ ਕੁੱਲ 653 ਪੁਰਾਤਨ ਵਸਤਾਂ ਵਾਪਸ ਲਿਆਈਆਂ ਜਾ

ਚੁੱਕੀਆਂ ਹਨ।



ਪਿਛਲੇ ਪੰਜ ਵਰ੍ਹਿਆਂ ਵਿੱਚ ਹੀ, 613 ਸੱਭਿਆਚਾਰਕ ਕਲਾਕ੍ਰਿਤੀਆਂ ਨੂੰ ਭਾਰਤ ਵਾਪਸ ਲਿਆਂਦਾ ਗਿਆ ਹੈ, ਜੋ ਕਿ ਰਿਕਵਰੀ ਦੇ ਯਤਨਾਂ ਵਿੱਚ ਇੱਕ ਮਹੱਤਵਪੂਰਨ ਤੇਜ਼ੀ ਹੈ।

ਇਸ ਤੋਂ ਇਲਾਵਾ, ਪ੍ਰਮਾਣਿਤ ਮੂਲ ਦੇ ਨਾਲ 11 ਵਸਤੂਆਂ ਸਬੰਧਤ ਸੰਗਠਨਾਂ ਅਤੇ ਸੰਸਥਾਵਾਂ ਨੂੰ ਵਾਪਸ ਕਰ ਦਿੱਤੀਆਂ ਗਈਆਂ ਹਨ। ਨੌਂ ਵਸਤੂਆਂ ਨੂੰ ਪ੍ਰਦਰਸ਼ਨੀ ਲਈ ਇੰਦਰਾ ਗਾਂਧੀ ਨੈਸ਼ਨਲ ਸੈਂਟਰ ਫਾਰ ਦ ਆਰਟਸ (IGNCA) ਨੂੰ ਉਧਾਰ ਦਿੱਤਾ ਗਿਆ ਹੈ। ਇੱਕ ਵਸਤੂ ਰਾਸ਼ਟਰੀ ਮਿਊਜ਼ੀਅਮ  ਨੂੰ ਪ੍ਰਦਾਨ ਕੀਤਾ ਗਿਆ ਹੈ, ਜਦੋਂ ਕਿ 14 ਵਸਤੂਆਂ ਭਾਰਤੀ ਵਿਰਾਸਤ ਸੰਸਥਾ ਨੂੰ ਦਿੱਤੀ ਗਈ ਹੈ।

**ਮਿਊਜ਼ੀਅਮ  ਅਤੇ ਸੱਭਿਆਚਾਰਕ ਬੁਨਿਆਦੀ ਢਾਂਚਾ**

ਮਿਊਜ਼ੀਅਮ ਗ੍ਰਾਂਟ ਸਕੀਮ

ਮਿਊਜ਼ੀਅਮ ਗ੍ਰਾਂਟ ਸਕੀਮ ਨਵੇਂ ਮਿਊਜ਼ੀਅਮਾਂ ਦੀ ਸਥਾਪਨਾ ਅਤੇ ਖੇਤਰੀ, ਰਾਜ ਅਤੇ ਜ਼ਿਲ੍ਹਾ ਪੱਧਰ 'ਤੇ ਮੌਜੂਦਾ ਮਿਊਜ਼ੀਅਮਾਂ ਦੀ ਮਜ਼ਬੂਤੀ ਅਤੇ ਆਧੁਨਿਕੀਕਰਣ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਦੀ ਹੈ। ਇਹ ਸਕੀਮ ਕਲਾਂ ਵਸਤੂਆਂ ਦੇ ਡਿਜੀਟਾਈਜ਼ੇਸ਼ਨ ਅਤੇ ਮਿਊਜ਼ੀਅਮ ਪੇਸ਼ੇਵਰਾਂ ਦੀ ਸਿਖਲਾਈ ਵਿੱਚ ਵੀ ਮਦਦ ਕਰਦੇ ਹਨ।  ਵਰ੍ਹੇ 2014 ਤੋਂ, ਸਰਕਾਰ ਨੇ ਸਥਿਰ ਡਿਸਪਲੇ ਮਾਡਲ ਦੀ ਬਜਾਏ ਅਨੁਭਵੀ ਮਿਊਜ਼ੀਅਮ  ਫਾਰਮੈਟਾਂ ਨੂੰ ਉਤਸ਼ਾਹਿਤ ਕੀਤਾ ਹੈ। ਇਸ ਵਿੱਚ ਵਰਚੁਅਲ ਅਤੇ ਥੀਮ-ਅਧਾਰਿਤ ਮਿਊਜ਼ੀਅਮ , ਅਤੇ ਨਾਲ ਹੀ ਵਰਚੁਅਲ ਅਨੁਭਵੀ ਮਿਊਜ਼ੀਅਮ  (VEM) ਸ਼ਾਮਲ ਹਨ।

**ਭਾਰਤ ਦਾ ਪਹਿਲਾ ਪੁਰਾਤੱਤਵ ਅਨੁਭਵੀ ਮਿਊਜ਼ੀਅਮ**

ਪੁਰਾਤੱਤਵ ਅਨੁਭਵੀ ਮਿਊਜ਼ੀਅਮ , ਜਨਵਰੀ 2025 ਵਿੱਚ ਵਡਨਗਰ, ਗੁਜਰਾਤ ਵਿੱਚ ਸਥਾਪਿਤ ਕੀਤਾ ਗਿਆ, ਦੁਨੀਆ ਦਾ ਇੱਕਲੌਤਾ ਮਿਊਜ਼ੀਅਮ  ਹੈ ਜੋ ਅਨੁਭਵੀ ਪੁਰਾਤੱਤਵ ਅਨੁਭਵ ਪ੍ਰਦਾਨ ਕਰਦਾ ਹੈ। ਇਸ ਨੂੰ ਕੁੱਲ 298 ਕਰੋੜ ਰੁਪਏ ਦੀ ਲਾਗਤ ਨਾਲ ਵਿਕਸਿਤ ਕੀਤਾ ਗਿਆ ਹੈ ਅਤੇ ਇਹ 12,500 ਵਰਗ ਮੀਟਰ ਦੇ ਖੇਤਰ ਵਿੱਚ ਫੈਲਿਆ ਹੋਇਆ ਹੈ।

ਮਿਊਜ਼ੀਅਮ  ਵਿੱਚ5,000 ਤੋਂ ਵੱਧ ਕਲਾਕ੍ਰਿਤੀਆਂ ਨੂੰ ਪ੍ਰਦਰਸ਼ਿਤ ਕੀਤਾ ਗਿਆ ਹੈ, ਨਾਲ ਹੀ ਇਸ ਵਿੱਚ ਅਨਾਜ, ਡੀਐੱਨਏ ਨਮੂਨੇ ਅਤੇ ਪਿੰਜਰ ਦੇ ਅਵਸ਼ੇਸ਼ ਜਿਹੇ ਜੈਵਿਕ ਅਵਸ਼ੇਸ਼ ਵੀ ਪ੍ਰਦਰਸ਼ਿਤ ਕੀਤੇ ਗਏ ਹਨ।

ਇਸ ਦਾ ਇੱਕ ਪ੍ਰਮੁੱਖ ਆਕਰਸ਼ਣ 4,000-ਵਰਗ-ਮੀਟਰ ਦੀ ਖੁੱਲ੍ਹੀ ਖੁਦਾਈ ਵਾਲੀ ਜਗ੍ਹਾ ਹੈ, ਜਿੱਥੇ ਪੁਰਾਤੱਤਵ ਅਵਸ਼ੇਸ਼ 16-18 ਮੀਟਰ ਦੀ ਡੂੰਘਾਈ 'ਤੇ ਦਿਖਾਈ ਦਿੰਦੇ ਹਨ। ਇਸ ਅਨੁਭਵੀ ਵਾਕਵੇਅ ਰਾਹੀਂ, ਸੈਲਾਨੀ ਖੁਦਾਈ ਪ੍ਰਕਿਰਿਆ ਅਤੇ ਖੋਜਾਂ ਨੂੰ ਸਿੱਧੇ ਤੌਰ 'ਤੇ ਦੇਖ ਅਤੇ ਸਮਝ ਸਕਦੇ ਹਨ।

**ਯੁੱਗੇ ਯੁਗੀਨ ਭਾਰਤ ਦਾ ਰਾਸ਼ਟਰੀ ਮਿਊਜ਼ੀਅਮ**

ਯੁੱਗੇ ਯੁਗੇਨ ਭਾਰਤ ਦੇ ਰਾਸ਼ਟਰੀ ਮਿਊਜ਼ੀਅਮ  ਨੂੰ ਨਵੀਂ ਦਿੱਲੀ ਵਿੱਚ ਇੱਕ ਇਤਿਹਾਸਕ ਸੰਸਥਾ ਵਜੋਂ ਵਿਕਸਿਤ ਕੀਤਾ ਜਾ ਰਿਹਾ ਹੈ। ਇਸੇ ਸੈਂਟਰਲ ਵਿਸਟਾ ਪੁਨਰ ਵਿਕਾਸ ਪ੍ਰੋਜੈਕਟ ਤਹਿਤ ਇਤਿਹਾਸਕ ਨੌਰਥ ਬਲਾਕ ਅਤੇ ਸਾਊਥ ਬਲਾਕ ਵਿੱਚ ਸਥਾਪਿਤ ਕੀਤਾ ਜਾਵੇਗਾ।


ਇਹ ਮਿਊਜ਼ੀਅਮ  1,54,000 ਵਰਗ ਮੀਟਰ ਦੇ ਖੇਤਰ ਵਿੱਚ ਫੈਲਿਆ ਹੋਵੇਗਾ ਅਤੇ ਭਾਰਤ ਦੀ ਹਜ਼ਾਰਾਂ ਵਰ੍ਹਿਆਂ ਦੀ ਸੱਭਿਅਤਾ ਅਤੇ ਸੱਭਿਆਚਾਰਕ ਯਾਤਰਾ ਨੂੰ ਪ੍ਰਦਰਸ਼ਿਤ ਕਰੇਗਾ।

**ਯੂਨੈਸਕੋ ਅਤੇ ਗਲੋਬਲ ਵਿਰਾਸਤ ਮਾਨਤਾ**

ਭਾਰਤ ਨੇ ਪਿਛਲੇ ਦਹਾਕੇ ਦੌਰਾਨ ਵਿਸ਼ਵ ਵਿਰਾਸਤ ਮਾਨਤਾ ਵਿੱਚ ਮਹੱਤਵਪੂਰਨ ਤਰੱਕੀ ਕੀਤੀ ਹੈ। ਭਾਰਤ ਕੋਲ ਹੁਣ 44 ਯੂਨੈਸਕੋ ਵਿਸ਼ਵ ਵਿਰਾਸਤ ਸਥਾਨ ਹਨ।

- ਭਾਰਤ ਨੇ 2014 ਤੋਂ 2026 ਦੀ ਸ਼ੁਰੂਆਤ ਤੱਕ 12 ਨਵੀਆਂ ਵਿਸ਼ਵ ਵਿਰਾਸਤ ਥਾਵਾਂਸ਼ਾਮਲ ਕੀਤੀਆਂ ਹਨ।
- ਭਾਰਤ ਵਿੱਚ ਯੂਨੈਸਕੋ ਦੀ ਯੂਨੀਵਰਸਲ ਸੂਚੀ ਵਿੱਚ 15 ਅਮੂਰਤ ਸੱਭਿਆਚਾਰਕ ਵਿਰਾਸਤ ਤੱਤ ਦਰਜ ਹਨ।
- ਭਾਰਤ ਨੇ ਨਵੀਂ ਦਿੱਲੀ (2024) ਵਿੱਚ ਯੂਨੈਸਕੋ ਵਿਸ਼ਵ ਵਿਰਾਸਤ ਕਮੇਟੀ ਦੇ 46ਵੇਂ ਸੈਸ਼ਨ ਦੀ ਮੇਜ਼ਬਾਨੀ ਕੀਤੀ।

ਭਾਰਤ ਦੀ ਯੂਨੈਸਕੋ ਮਾਨਤਾ ਹੁਣ ਸਿਰਫ਼ ਭੌਤਿਕ ਸਮਾਰਕਾਂ ਤੱਕ ਸੀਮਤ ਨਹੀਂ ਹੈ, ਸਗੋਂ ਇਹ ਜੀਵੰਤ ਸੱਭਿਆਚਾਰਕ ਪਰੰਪਰਾਵਾਂ ਨੂੰ ਵੀ ਦਰਸਾਉਂਦੀ ਹੈ। ਮੁੱਖ ਅਮੂਰਤ ਸੱਭਿਆਚਾਰਕ ਵਿਰਾਸਤ ਮਾਨਤਾਵਾਂ ਵਿੱਚ ਯੋਗਾ, ਕੁੰਭ ਮੇਲਾ, ਦੀਵਾਲੀ, ਦੁਰਗਾ ਪੂਜਾ ਅਤੇ ਗਰਬਾ ਸ਼ਾਮਲ ਹਨ। ਇਨ੍ਹਾਂ ਮਾਨਤਾਵਾਂ ਨੇ ਭਾਰਤ ਦੀ ਵਿਸ਼ਵਵਿਆਪੀ ਸੱਭਿਆਚਾਰਕ ਕੂਟਨੀਤੀ ਅਤੇ ਵਿਰਾਸਤੀ ਲੀਡਰਸ਼ਿਪ ਨੂੰ ਹੋਰ ਮਜ਼ਬੂਤ ਕੀਤਾਹੈ।




**ਡਿਜੀਟਾਈਜ਼ੇਸ਼ਨ ਅਤੇ ਗਿਆਨ ਸੁਰੱਖਿਆ**

**ਸੱਭਿਆਚਾਰਕ ਵਿਰਾਸਤ ਦਾ ਡਿਜੀਟਾਈਜ਼ੇਸ਼ਨ (ਗਿਆਨ ਭਾਰਤਮ)**

ਸਾਲ 2025 ਵਿੱਚ ਸ਼ੁਰੂ ਕੀਤਾ ਗਿਆ ਗਿਆਨ ਭਾਰਤਮ ਮਿਸ਼ਨਸਰਕਾਰ ਦੀ ਇੱਕ ਵੱਡੀ ਪਹਿਲਕਦਮੀ ਹੈ, ਜਿਸਦਾ ਉਦੇਸ਼ ਭਾਰਤ ਦੀ ਵਿਸ਼ਾਲ ਹੱਥ-ਲਿਖਤ ਵਿਰਾਸਤ ਦੀ ਸੰਭਾਲ, ਡਿਜੀਟਾਈਜ਼ੇਸ਼ਨ ਅਤੇ ਪ੍ਰਸਾਰ ਕਰਨਾ ਹੈ। ਇਹ ਮਿਸ਼ਨ ਹੱਥ-ਲਿਖਤਾਂ ਵਿੱਚ ਕੈਪਚਰ ਕੀਤੇ ਪ੍ਰਾਚੀਨ ਗਿਆਨ ਪ੍ਰਣਾਲੀਆਂ ਦੀ ਸੰਭਾਲ 'ਤੇ ਕੇਂਦ੍ਰਿਤ ਕਰਦਾ ਹੈ। ਇਹ ਪਹਿਲਕਦਮੀ ਇਨ੍ਹਾਂ ਨੂੰ ਡਿਜੀਟਲ ਭੰਡਾਰਾਂ ਅਤੇ ਸੰਭਾਲ ਨੈੱਟਵਰਕਾਂ ਰਾਹੀਂ ਖੋਜ ਅਤੇ ਜਨਤਕ ਪਹੁੰਚ ਲਈ ਉਪਲਬਧ ਕਰਵਾਉਣ ਲਈ ਵੀ ਕੰਮ ਕਰਦੀ ਹੈ।
ਇਸ ਤੋਂ ਇਲਾਵਾ, ਇਹ ਪਹਿਲਕਦਮੀ ਨਾਜ਼ੁਕ ਹੱਥ-ਲਿਖਤਾਂ ਦੀ ਸੁਰੱਖਿਆ ਅਤੇ ਉਨ੍ਹਾਂ ਦੀ ਵਿਸ਼ਵਵਿਆਪੀ ਪਹੁੰਚਯੋਗਤਾ ਨੂੰ ਯਕੀਨੀ ਬਣਾਉਣ ਲਈ ਆਧੁਨਿਕ ਤਕਨਾਲੋਜੀਆਂ ਦੇ ਏਕੀਕਰਣ 'ਤੇ ਵੀ ਜ਼ੋਰ ਦਿੰਦੀ ਹੈ।

- ਗਿਆਨ ਭਾਰਤਮ ਸਟੈਂਡਰਡ ਓਪਰੇਟਿੰਗ ਪ੍ਰੋਸੀਜਰ (SOP) ਦੇ ਅਨੁਸਾਰ ਵੱਖ-ਵੱਖ ਫਾਰਮੈਟਾਂ ਵਿੱਚ ਡਿਜੀਟਲਾਈਜ਼ਡ 8 ਲੱਖ ਤੋਂ ਵੱਧ ਹੱਥ-ਲਿਖਤਾਂ ਨੂੰ ਮੁੜ ਫਾਰਮੈਟ ਕੀਤਾ ਜਾ ਰਿਹਾ ਹੈ।
- ਇਨ੍ਹਾਂ ਵਿੱਚੋਂ 1.29 ਲੱਖ ਹੱਥ-ਲਿਖਤਾਂ ਨੈਸ਼ਨਲ ਡਿਜੀਟਲ ਰਿਪੋਜ਼ਟਰੀ (ਐਨਡੀਆਰ) 'ਤੇ ਆਮ ਲੋਕਾਂ ਲਈ ਉਪਲਬਧ ਕਰਵਾਈਆਂ ਗਈਆਂ ਹਨ।

ਇਸ ਤੋਂ ਇਲਾਵਾ, ਮਾਰਚ 2026 ਵਿੱਚ ਰਾਸ਼ਟਰੀ ਹੱਥ-ਲਿਖਤਾਂ ਦਾ ਸਰਵੇਖਣ ਵੀ ਸ਼ੁਰੂ ਕੀਤਾ ਗਿਆ, ਜਿਸ ਦਾ ਉਦੇਸ਼ ਹੱਥ-ਲਿਖਤਾਂ ਦੀ ਪਛਾਣ ਕਰਨਾ, ਦਸਤਾਵੇਜ਼ੀਕਰਣ ਕਰਨਾ ਅਤੇ ਇੱਕ ਵਿਆਪਕ ਰਾਸ਼ਟਰੀ ਡੇਟਾਬੇਸ ਬਣਾਉਣਾ ਹੈ।

ਤਕਨਾਲੋਜੀ-ਅਧਾਰਿਤ ਸੰਭਾਲ

ਸਹੀ ਦਸਤਾਵੇਜ਼ੀਕਰਣ ਲਈ ਲੋੜ ਅਨੁਸਾਰ ਆਧੁਨਿਕ ਤਕਨਾਲੋਜੀਆਂ ਅਤੇ ਉਪਕਰਣਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਇਨ੍ਹਾਂ ਵਿੱਚ ਲਾਈਟ ਡਿਟੈਕਸ਼ਨ ਐਂਡ ਰੇਂਜਿੰਗ (ਐੱਲਆਈਡੀਏਆਰ) ਸਕੈਨਿੰਗ, ਭੂਗੋਲਿਕ ਸੂਚਨਾ ਪ੍ਰਣਾਲੀ (ਜੀਆਈਐੱਸ)-ਅਧਾਰਿਤ ਮੈਪਿੰਗ, ਅਤੇ ਡਰੋਨ-ਅਧਾਰਿਤ ਸਰਵੇਖਣ ਸ਼ਾਮਲ ਹਨ। ਇਸ ਤੋਂ ਇਲਾਵਾ, ਭਾਰਤ ਨੇ ਸਹੀ ਪੁਰਾਲੇਖ ਅਤੇ ਕਿਰਿਆਸ਼ੀਲ ਸੰਭਾਲ ਯੋਜਨਾਬੰਦੀ ਦਾ ਸਮਰਥਨ ਕਰਨ ਲਈ ਡਿਜੀਟਲ ਅਤੇ ਭੂ-ਸਥਾਨਕ ਤਕਨਾਲੋਜੀਆਂ ਦੀ ਵਰਤੋਂ ਦਾ ਵਿਸਤਾਰ ਕੀਤਾ ਹੈ।

ਇਨ੍ਹਾਂ ਤਕਨੀਕਾਂ ਤੋਂ ਇਲਾਵਾ, ਸਰਕਾਰ ਨੇ ਸੱਭਿਆਚਾਰਕ ਅਤੇ ਵਿਰਾਸਤੀ ਖੇਤਰ ਦੇ ਵਿਆਪਕ ਈਕੋਸਿਸਟਮਵਿੱਚ ਖਾਸ ਤੌਰ 'ਤੇ ਸੱਭਿਆਚਾਰਕ ਸੰਪਤੀਆਂ ਦੇ ਡਿਜੀਟਲਾਈਜ਼ੇਸ਼ਨ, ਦਸਤਾਵੇਜ਼ੀਕਰਣ ਅਤੇ ਉਨ੍ਹਾਂ ਦੀ ਸੁਲਭਤਾ ਵਧਾਉਣ ਦੇ ਖੇਤਰ ਵਿੱਚ ਨੇ ਆਰਟੀਫਿਸ਼ੀਅਲ ਇੰਟੈਲੀਜੈਂਸ (AI) ਨੂੰ ਵੀ ਏਕੀਕ੍ਰਿਤ ਕਰਨਾ ਸ਼ੁਰੂ ਕੀਤਾ ਹੈ।AI-ਸਮਰੱਥ ਪਲੈਟਫਾਰਮਾਂ ਦੀ ਵਰਤੋਂ ਹੱਥ-ਲਿਖਤਾਂ ਅਤੇ ਸੱਭਿਆਚਾਰਕ ਗਿਆਨ ਪ੍ਰਣਾਲੀਆਂ ਸਮੇਤ ਵਿਸ਼ਾਲ ਵਿਰਾਸਤੀ ਡੇਟਾ ਦੀ ਪ੍ਰਕਿਰਿਆ, ਵਰਗੀਕਰਣ ਅਤੇ ਯੋਜਨਾਬੱਧ ਢੰਗ ਨਾਲ ਪ੍ਰਬੰਧਨ ਲਈ ਕੀਤੀ ਜਾ ਰਹੀ ਹੈ।

**ਤਕਨਾਲੋਜੀ ਰਾਹੀਂ ਸੱਭਿਆਚਾਰ ਨੂੰ ਸੰਭਾਲਣਾ**

ਭਾਰਤ ਭਾਸ਼ਾਵਾਂ, ਹੱਥ-ਲਿਖਤਾਂ ਅਤੇ ਸੱਭਿਆਚਾਰਕ ਵਿਰਾਸਤ ਨੂੰ ਸੁਰੱਖਿਅਤ ਰੱਖਣ ਲਈ ਆਰਟੀਫਿਸ਼ੀਅਲ ਇੰਟੈਲੀਜੈਂਸ (AI) ਦੀ ਵਰਤੋਂ ਕਰ ਰਿਹਾ ਹੈ, ਨਾਲ ਹੀ ਸਿੱਖਿਆ ਅਤੇ ਜਨਤਕ ਸੇਵਾਵਾਂ ਤੱਕ ਪਹੁੰਚ ਨੂੰ ਬਿਹਤਰ ਬਣਾ ਰਿਹਾ ਹੈ।

- ਭਾਸ਼ਿਣੀ (2022 ਵਿੱਚ ਲਾਂਚ ਕੀਤੀ ਗਈ) 22 ਭਾਸ਼ਾਵਾਂ (ਵਾਈਸ) ਅਤੇ 36 ਭਾਸ਼ਾਵਾਂ (ਟੈਕਸਟ) ਦਾ ਸਮਰਥਨ ਕਰਦੀ ਹੈ, ਜਿਸ ਵਿੱਚ 350 ਤੋਂ ਵੱਧ AI ਮਾਡਲਾਂ ਅਤੇ 4 ਬਿਲੀਅਨ ਤੋਂ ਵੱਧ ਭਾਸ਼ਾਈ ਲੈਣ-ਦੇਣ ਹਨ। ਇਸਨੇ ਕਾਸ਼ੀ ਤਮਿਲ ਸੰਗਮ ਅਤੇ ਮਹਾਕੁੰਭ 2025 ਵਰਗੇ ਆਯੋਜਨਾਂ ਵਿੱਚ ਅਸਲ-ਸਮੇਂ ਵਿੱਚ ਅਨੁਵਾਦ ਸੰਭਵ ਬਣਾਇਆ ਹੈ।
- ਭਾਰਤਜੇਨ ਭਾਰਤ ਦੀਆਂ 22 ਅਨੁਸੂਚਿਤ ਭਾਸ਼ਾਵਾਂ ਲਈ ਏਆਈ ਮਾਡਲ ਵਿਕਸਿਤ ਕਰ ਰਿਹਾ ਹੈ, ਜਦੋਂ ਕਿ ਆਦਿ-ਵਾਣੀ ਡਿਜੀਟਲ ਸੰਭਾਲ ਅਤੇ ਅਨੁਵਾਦ ਰਾਹੀਂ ਸੰਤਾਲੀ, ਭੀਲੀ, ਮੁੰਡਾਰੀ ਅਤੇ ਗੋਂਡੀ ਵਰਗੀਆਂ ਕਬਾਇਲੀ ਭਾਸ਼ਾਵਾਂ ਦਾ ਸਮਰਥਨ ਕਰਦਾ ਹੈ।
- ਗਿਆਨ ਭਾਰਤਮ ਮਿਸ਼ਨ ਭਾਰਤ ਦੀ ਹੱਥ-ਲਿਖਤ ਵਿਰਾਸਤ ਨੂੰ ਡਿਜੀਟਾਈਜ਼ ਕਰਨ ਅਤੇ ਸਮਝਣ ਲਈ ਏਆਈ ਦੀ ਵਰਤੋਂ ਕਰ ਰਿਹਾ ਹੈ। ਇਸ ਦੇ ਤਹਿਤ 44 ਲੱਖ ਤੋਂ ਵੱਧ ਹੱਥ-ਲਿਖਤਾਂ ਦਾ ਦਸਤਾਵੇਜ਼ੀਕਰਣ ਕੀਤਾ ਜਾ ਚੁੱਕਾ ਹੈਅਤੇ ਇਸ ਲਈ 482.85 ਕਰੋੜ ਰੁਪਏ (2024–31) ਦਾ ਪ੍ਰਾਵਧਾਨ ਹੈ।
- ਇਹ ਪੁਰਾਤਨ ਹੱਥ-ਲਿਖਤਾਂ ਲਈ ਏਆਈ-ਸਮਰਥਿਤ ਟੂਲ ਜਿਵੇਂ ਕਿ ਹੱਥ ਲਿਖਤ ਪਾਠ ਪਛਾਣ (ਐੱਚਟੀਆਰ) ਅਤੇ ਓਪਟੀਕਲ ਅੱਖਰ ਪਛਾਣ (ਓਸੀਆਰ) ਦੀ ਵਰਤੋਂ ਕਰਦਾ ਹੈ, ਨਾਲ ਹੀ ਵੱਖ-ਵੱਖ ਲਿਪੀਆਂ ਅਤੇ ਭਾਸ਼ਾਵਾਂ ਵਿੱਚ ਮੈਟਾ ਡੇਟਾ ਕੱਢਣ ਅਤੇ ਬੁੱਧੀਮਾਨ ਕੈਟਾਲੋਗਿੰਗ ਨੂੰ ਸਮਰੱਥ ਬਣਾਉਂਦਾ ਹੈ, ਡਿਜੀਟਾਈਜ਼ਡ ਵਿਰਾਸਤੀ ਸਮੱਗਰੀ ਦੀ ਖੋਜ ਅਤੇ ਪਹੁੰਚ ਵਿੱਚ ਸੁਧਾਰ ਕਰਦਾ ਹੈ।

- ਆਦਿ-ਵਾਣੀ ਇੱਕ ਏਆਈ-ਅਧਾਰਿਤ ਪਲੈਟਫਾਰਮ ਹੈ ਜੋ ਭਾਰਤ ਦੀਆਂ ਕਬਾਇਲੀ ਭਾਸ਼ਾਵਾਂ ਨੂੰ ਸੁਰੱਖਿਅਤ ਰੱਖਣ ਅਤੇ ਮੁੜ ਸੁਰਜੀਤ ਕਰਨ ਲਈ ਵਿਕਸਿਤ ਕੀਤਾ ਗਿਆ ਹੈ। ਇਹ ਹਿੰਦੀ, ਅੰਗਰੇਜ਼ੀ ਅਤੇ ਕਬਾਇਲੀ ਭਾਸ਼ਾਵਾਂ ਵਿਚਕਾਰ ਅਸਲ-ਸਮੇਂ ਦਾ ਅਨੁਵਾਦ, ਭਾਸ਼ਣ-ਤੋਂ-ਪਾਠ ਟ੍ਰਾਂਸਕ੍ਰਿਪਸ਼ਨ, ਨੌਜਵਾਨ ਪੀੜ੍ਹੀਆਂ ਲਈ ਭਾਸ਼ਾ ਸਿੱਖਣਾ, ਅਤੇ ਲੋਕ-ਕਥਾਵਾਂ ਅਤੇ ਮੌਖਿਕ ਪਰੰਪਰਾਵਾਂ ਦੇ ਡਿਜੀਟਾਈਜ਼ੇਸ਼ਨ ਵਰਗੀਆਂ ਵਿਸ਼ੇਸ਼ਤਾਵਾਂ ਪ੍ਰਦਾਨ ਕਰਦਾ ਹੈ।

- ਅਨੁਵਾਦਨੀ, ਈ-ਕੁੰਭ, ਐੱਸਪੀਪੀਈਐੱਲ, ਸੰਚਿਕਾ ਅਤੇ ਗਿਆਨ-ਸੇਤੂ ਵਰਗੇ ਪਲੈਟਫਾਰਮ ਬਹੁ-ਭਾਸ਼ਾਈ ਸਿੱਖਿਆ ਦੇ ਵਿਸਥਾਰ ਅਤੇ ਲੁਪਤ ਹੋ ਰਹੀਆਂ ਭਾਸ਼ਾਵਾਂ ਅਤੇ ਪਰੰਪਰਾਗਤ ਗਿਆਨ ਦੀ ਸੰਭਾਲ ਵਿੱਚ ਯੋਗਦਾਨ ਪਾ ਰਹੇ ਹਨ।
- 'ਸਵਯਮ' ਜਿਹੇ ਡਿਜੀਟਲ ਸਿੱਖਿਆ ਪਲੈਟਫਾਰਮਾਂ ਰਾਹੀਂ 5 ਕਰੋੜ ਤੋਂ ਵੱਧ ਵਿਦਿਆਰਥੀ ਜੁੜੇ ਹੋਏ ਹਨ।

**ਵੈਦਿਕ ਵਿਰਾਸਤੀ ਪੋਰਟਲ**

ਸਰਕਾਰ ਨੇ ਮਾਰਚ 2023 ਵਿੱਚ ਇੰਦਰਾ ਗਾਂਧੀ ਨੈਸ਼ਨਲ ਸੈਂਟਰ ਫਾਰ ਦ ਆਰਟਸ ਦੇ ਅਧੀਨ ਵੈਦਿਕ ਵਿਰਾਸਤ ਪੋਰਟਲ ਲਾਂਚ ਕੀਤਾ ਸੀ। ਇਹ ਪੋਰਟਲ ਭਾਰਤ ਦੀਆਂ ਪ੍ਰਾਚੀਨ ਵੈਦਿਕ ਗਿਆਨ ਪਰੰਪਰਾਵਾਂ ਨੂੰ ਯੋਜਨਾਬੱਧ ਢੰਗ ਨਾਲ ਸੁਰੱਖਿਅਤ ਰੱਖਦਾ ਹੈ, ਦਸਤਾਵੇਜ਼ ਬਣਾਉਂਦਾ ਹੈ ਅਤੇ ਵਿਦਵਾਨਾਂ, ਅਭਿਆਸੀਆਂ ਅਤੇ ਆਮ ਲੋਕਾਂ ਲਈ ਪਹੁੰਚਯੋਗ ਬਣਾਉਂਦਾ ਹੈ। ਇਹ ਪੋਰਟਲ ਵੈਦਿਕ ਵਿਰਾਸਤ ਦਾ ਇੱਕ ਰਾਸ਼ਟਰੀ ਡਿਜੀਟਲ ਭੰਡਾਰ ਹੈ, ਜਿਸ ਵਿੱਚ ਰਿਗਵੇਦ, ਯਜੁਰਵੇਦ, ਸਾਮਵੇਦ ਅਤੇ ਅਥਰਵਵੇਦ ਪਰੰਪਰਾਵਾਂ ਸ਼ਾਮਲ ਹਨ। ਇਸ ਵਿੱਚ ਵਿਆਪਕ ਆਡੀਓ-ਵਿਜ਼ੂਅਲ ਸਮੱਗਰੀ, ਹੱਥ-ਲਿਖਤਾਂ ਅਤੇ ਰਸਮੀ ਦਸਤਾਵੇਜ਼ ਸ਼ਾਮਲ ਹਨ, ਜਿਸ ਵਿੱਚ 500 ਘੰਟਿਆਂ ਤੋਂ ਵੱਧ ਰਿਕਾਰਡਿੰਗਾਂ ਦੇ ਨਾਲ-ਨਾਲ ਡਿਜੀਟਲ ਲਰਨਿੰਗ ਮੌਡਿਊਲ ਅਤੇ ਟੈਕਸਟ ਆਰਕਾਈਵ ਸ਼ਾਮਲ ਹਨ। ਇਹ ਪੋਰਟਲ ਵੈਦਿਕ ਸ਼ਾਖਾਵਾਂ ਅਤੇ ਮੌਖਿਕ ਪਰੰਪਰਾਵਾਂ ਨੂੰ ਵੀ ਦਸਤਾਵੇਜ਼ੀ ਰੂਪ ਦਿੰਦਾ ਹੈ, ਜੋ ਜੀਵਤ ਗਿਆਨ ਪ੍ਰਣਾਲੀਆਂ ਨੂੰ ਸੁਰੱਖਿਅਤ ਰੱਖਣ ਦੇ ਯਤਨਾਂ ਨੂੰ ਮਜ਼ਬੂਤ ਕਰਦਾ ਹੈ। ਇਸ ਪਹਿਲਕਦਮੀ ਨੇ ਹੋਰ ਵਿਸ਼ਵਵਿਆਪੀ ਮਹੱਤਵ ਪ੍ਰਾਪਤ ਕੀਤਾ ਹੈ ਕਿਉਂਕਿ ਵੈਦਿਕ ਜਾਪ ਪਰੰਪਰਾ ਨੂੰ ਯੂਨੈਸਕੋ ਦੁਆਰਾ ਇੱਕ ਅਮੂਰਤ ਸੱਭਿਆਚਾਰਕ ਵਿਰਾਸਤ ਵਜੋਂ ਮਾਨਤਾ ਦਿੱਤੀ ਗਈ ਹੈ, ਜਦਕਿ ਰਿਗਵੇਦ ਹੱਥ-ਲਿਖਤਾਂ ਨੂੰ ਯੂਨੈਸਕੋ ਦੇ ਮੈਮੋਰੀ ਆਫ਼ ਦ ਵਰਲਡ ਰਜਿਸਟਰ ਵਿੱਚ ਸ਼ਾਮਲ ਕੀਤਾ ਗਿਆ ਹੈ, ਜੋ ਉਨ੍ਹਾਂ ਦੇ ਵਿਸ਼ਵਵਿਆਪੀ ਸੱਭਿਆਚਾਰਕ ਮਹੱਤਵ ਨੂੰ ਦਰਸਾਉਂਦਾ ਹੈ।

**ਫਿਲਮ ਅਤੇ ਆਡੀਓ-ਵਿਜ਼ੂਅਲ ਵਿਰਾਸਤ**

ਰਾਸ਼ਟਰੀ ਫਿਲਮ ਵਿਰਾਸਤ ਮਿਸ਼ਨ (ਐੱਨਐੱਫਐੱਚਐੱਮ)

ਸਰਕਾਰ ਨੇ 2015 ਵਿੱਚ ਰਾਸ਼ਟਰੀ ਫਿਲਮ ਵਿਰਾਸਤ ਮਿਸ਼ਨ ਦੀ ਸ਼ੁਰੂਆਤ ਕੀਤੀ, ਜਿਸਦਾ ਉਦੇਸ਼ ਭਾਰਤ ਦੀ ਸਿਨੇਮੈਟਿਕ ਵਿਰਾਸਤ ਨੂੰ ਸੁਰੱਖਿਅਤ ਰੱਖਣਾ, ਡਿਜੀਟਾਈਜ਼ ਕਰਨਾ ਅਤੇ ਬਹਾਲ ਕਰਨਾ ਹੈ।

ਇਹ ਮਿਸ਼ਨ ਸਾਰੀਆਂ ਭਾਰਤੀ ਭਾਸ਼ਾਵਾਂ ਦੇ ਫਿਲਮ ਨਿਰਮਾਤਾਵਾਂ ਦਾ ਸਮਰਥਨ ਕਰਦਾ ਹੈ। ਇਹ ਕਲਾਸਿਕ ਫੀਚਰ ਫਿਲਮਾਂ, ਲਘੂ ਫਿਲਮਾਂ ਅਤੇ ਦਸਤਾਵੇਜ਼ੀ ਫਿਲਮਾਂ ਦੀ ਰੱਖਿਆ ਕਰਦਾ ਹੈ, ਆਉਣ ਵਾਲੀਆਂ ਪੀੜ੍ਹੀਆਂ ਲਈ ਭਾਰਤ ਦੀ ਸਿਨੇਮੈਟਿਕ ਵਿਰਾਸਤ ਨੂੰ ਸੁਰੱਖਿਅਤ ਰੱਖਦਾ ਹੈ।

ਦਸੰਬਰ 2025 ਤੱਕ, 1,469 ਟਾਈਟਲ, 4.3 ਲੱਖ ਮਿੰਟ ਦੀਆਂ ਫਿਲਮਾਂ ਦੇ ਬਰਾਬਰ, ਡਿਜੀਟਾਈਜ਼ ਕੀਤੇ ਗਏ ਹਨ। ਇਨ੍ਹਾਂ ਵਿੱਚ ਫੀਚਰ ਫਿਲਮਾਂ, ਲਘੂ ਫਿਲਮਾਂ ਅਤੇ ਦਸਤਾਵੇਜ਼ੀ ਫਿਲਮਾਂ ਸ਼ਾਮਲ ਹਨ। ਡਿਜੀਟਲਾਈਜ਼ਡ ਅਤੇ ਰੀਸਟੋਰ ਕੀਤੀਆਂ ਫਿਲਮਾਂ ਨੂੰ ਨੈਸ਼ਨਲ ਫਿਲਮ

ਆਰਕਾਈਵਜ਼ ਆਫ ਇੰਡੀਆ (ਐੱਨਐੱਫਏਆਈ) ਦੁਆਰਾ ਸੁਰੱਖਿਅਤ ਰੱਖਿਆ ਜਾਂਦਾ ਹੈ, ਅਤੇ ਇਸਦੀ ਅਧਿਕਾਰਤ ਵੈੱਬਸਾਈਟ 'ਤੇ ਮੰਗ ਦੇ ਅਧਾਰ 'ਤੇ ਉਪਲਬਧ ਕਰਵਾਇਆ ਜਾਂਦਾ ਹੈ।

**ਭਾਰਤੀ ਸਿਨੇਮਾ ਦਾ ਰਾਸ਼ਟਰੀ ਮਿਊਜ਼ੀਅਮ (NMIC)**

ਭਾਰਤੀ ਸਿਨੇਮਾ ਦੇ ਰਾਸ਼ਟਰੀ ਮਿਊਜ਼ੀਅਮ (ਐੱਨਐੱਮਆਈਸੀ) ਦਾ ਉਦਘਾਟਨ ਸਾਲ 2019 ਵਿੱਚ ₹140.61 ਕਰੋੜ ਦੀ ਲਾਗਤ ਨਾਲ ਕੀਤਾ ਗਿਆ ਸੀ। ਇਸਨੇ ਭਾਰਤ ਦੀ ਸਿਨੇਮੈਟਿਕ ਵਿਰਾਸਤ ਦੀ ਸੰਭਾਲ ਅਤੇ ਪ੍ਰਚਾਰ ਨੂੰ ਮਜ਼ਬੂਤੀ ਦਿੱਤੀ ਹੈ।

ਇਹ ਮਿਊਜ਼ੀਅਮ ਮੁੰਬਈ ਦੇ ਫਿਲਮਸ ਡਿਵੀਜ਼ਨ ਕੰਪਲੈਕਸ ਵਿੱਚ ਸਥਿਤ ਹੈ, ਜਿਸ ਵਿੱਚ 19ਵੀਂ ਸਦੀ ਦਾ ਮੁੜ ਬਹਾਲ ਕੀਤਾ ਗਿਆ ਗੁਲਸ਼ਨ ਮਹਿਲ (ਏਐੱਸਆਈ ਦੁਆਰਾ ਸੁਰੱਖਿਅਤ ਇਮਾਰਤ) ਵੀ ਸ਼ਾਮਲ ਹੈ।

ਇਹ ਮਿਊਜ਼ੀਅਮ ਭਾਰਤੀ ਸਿਨੇਮਾ ਦੀ ਇੱਕ ਸਦੀ ਤੋਂ ਵੱਧ ਦੀ ਯਾਤਰਾ ਨੂੰ ਪੇਸ਼ ਕਰਦਾ ਹੈ। ਇਹ ਪੁਰਾਤਨ ਕਲਾਕ੍ਰਿਤੀਆਂ, ਵਿੰਟੇਜ ਫਿਲਮ ਉਪਕਰਣਾਂ, ਫੋਟੋਆਂ, ਯਾਦਗਾਰੀ ਵਸਤੂਆਂ, ਇੰਟਰਐਕਟਿਵ ਪ੍ਰਦਰਸ਼ਨੀਆਂ ਅਤੇ ਮਲਟੀਮੀਡੀਆ ਪ੍ਰਦਰਸ਼ਨੀਆਂ ਰਾਹੀਂ ਕੀਤਾ ਜਾਂਦਾ ਹੈ। ਇਹ ਪ੍ਰਦਰਸ਼ਨੀਆਂ ਮੂਕ ਯੁੱਗ ਤੋਂ ਲੈ ਕੇ ਅੱਜ ਤੱਕ ਭਾਰਤੀ ਸਿਨੇਮਾ ਦੇ ਵਿਕਾਸ ਨੂੰ ਦਰਸਾਉਂਦੀਆਂ ਹਨ।

ਇਸ ਮਿਊਜ਼ੀਅਮ ਵਿੱਚ ਲੋਕਾਂ ਦੀ ਵੱਡੀ ਭਾਗੀਦਾਰੀ ਵੀ ਦੇਖਣ ਨੂੰ ਮਿਲੀ ਹੈ। ਮਈ 2026 ਵਿੱਚ, ਇਸਨੇ 17,000 ਤੋਂ ਵੱਧ ਸੈਲਾਨੀਆਂ ਦੀ ਆਮਦ ਦਰਜ ਕੀਤੀ ਗਈ, ਜਿਸ ਨਾਲ ਇਹ ਮੁੰਬਈ ਦਾ ਇੱਕ ਪ੍ਰਮੁੱਖ ਸੱਭਿਆਚਾਰਕ ਅਤੇ ਸੈਲਾਨੀ ਸਥਾਨ ਬਣ ਗਿਆ।

**ਪ੍ਰਾਪਤੀਆਂ ਦਾ ਸੰਗ੍ਰਹਿ**

2014 ਤੋਂ, ਸਰਕਾਰ ਨੇ "ਵਿਕਾਸ ਵੀ, ਵਿਰਾਸਤ ਵੀ" ਦੇ ਫਲਸਫੇ 'ਤੇ ਅਧਾਰਿਤ ਇੱਕ ਕੇਂਦ੍ਰਿਤ ਅਤੇ ਨਿਰੰਤਰ ਪਹੁੰਚ ਰਾਹੀਂ ਵਿਰਾਸਤ ਦੀ ਸੰਭਾਲ ਨੂੰ ਅੱਗੇ ਵਧਾਇਆ ਹੈ। ਇਸ ਦ੍ਰਿਸ਼ਟੀਕੋਣ ਨੇ ਵਿਰਾਸਤ ਨੂੰ ਨਾ ਸਿਰਫ਼ ਅਤੀਤ ਦੇ ਇੱਕ ਪੈਸਿਵ ਪੁਰਾਲੇਖ ਵਜੋਂ, ਸਗੋਂ ਰਾਸ਼ਟਰੀ ਪਛਾਣ, ਮਾਣ ਅਤੇ ਵਿਸ਼ਵਵਿਆਪੀ ਸ਼ਮੂਲੀਅਤ ਦੇ ਇੱਕ ਸਰਗਰਮ ਥੰਮ੍ਹ ਵਜੋਂ ਬਦਲਣ ਵਿੱਚ ਮਦਦ ਕੀਤੀ ਹੈ।

ਇਸ ਸਮੇਂ ਦੌਰਾਨ, ਭਾਰਤ ਨੇ ਠੋਸ ਅਤੇ ਅਮੂਰਤ ਸੱਭਿਆਚਾਰਕ ਵਿਰਾਸਤ ਦੀ ਸੰਭਾਲ, ਦਸਤਾਵੇਜ਼ੀਕਰਣ ਅਤੇ ਬਹਾਲੀ ਲਈ ਆਪਣੀਆਂ ਸੰਸਥਾਗਤ ਅਤੇ ਤਕਨੀਕੀ ਸਮਰੱਥਾਵਾਂ ਨੂੰ ਮਜ਼ਬੂਤ ਕੀਤਾ ਹੈ। ਇਸ ਤੋਂ ਇਲਾਵਾ, ਵਿਰਾਸਤ-ਅਗਵਾਈ ਵਾਲੇ ਵਿਕਾਸ ਨੇ ਮੁੱਖ ਸੱਭਿਆਚਾਰਕ ਅਤੇ ਤੀਰਥ ਸਥਾਨਾਂ 'ਤੇ ਸੈਲਾਨੀਆਂ ਦੇ ਅਨੁਭਵਾਂ ਅਤੇ ਸੰਪਰਕ ਵਿੱਚ ਸੁਧਾਰ ਕੀਤਾ ਹੈ, ਜਿਸ ਨਾਲ ਇਨ੍ਹਾਂ ਸਥਾਨਾਂ ਨੂੰ ਭਾਰਤ ਦੀ ਵਿਆਪਕ ਵਿਕਾਸ ਯਾਤਰਾ ਵਿੱਚ ਹੋਰ ਜੋੜਿਆ ਗਿਆ ਹੈ।

ਵਿਸ਼ਵ ਪੱਧਰ 'ਤੇ ਭਾਰਤ ਦੀ ਸੱਭਿਆਚਾਰਕ ਮੌਜੂਦਗੀ ਵੀ ਵਧੀ ਹੈ, ਜੋ ਕਿ ਦੁਨੀਆ ਦੀਆਂ ਸਭ ਤੋਂ ਸਮ੍ਰਿੱਧ ਸੱਭਿਅਤਾ ਪਰੰਪਰਾਵਾਂ ਵਿੱਚੋਂ ਇੱਕ ਦੇ ਰੱਖਿਅਕ ਵਜੋਂ ਇਸਦੀ ਵਧਦੀ ਮਾਨਤਾ ਤੋਂ ਪ੍ਰਤੀਬਿੰਬਤ ਹੁੰਦੀ ਹੈ। ਇਸਦੇ ਨਾਲ ਹੀ, ਨਿਰੰਤਰ ਯਤਨਾਂ ਰਾਹੀਂ, ਮਹੱਤਵਪੂਰਨ ਪੁਰਾਤਨ ਵਸਤਾਂ ਨੂੰ ਵਾਪਸ ਲਿਆਂਦਾ ਗਿਆ ਹੈ, ਜੋ ਇਸ ਸਿਧਾਂਤ ਨੂੰ ਮਜ਼ਬੂਤ ਕਰਦਾ ਹੈ ਕਿ ਸੱਭਿਆਚਾਰਕ ਵਿਰਾਸਤ ਨੂੰ ਨਾ ਸਿਰਫ਼ ਸੁਰੱਖਿਅਤ ਰੱਖਿਆ ਜਾਣਾ ਚਾਹੀਦਾ ਹੈ, ਸਗੋਂ ਮੁੜ ਪ੍ਰਾਪਤ ਵੀ ਕੀਤਾ ਜਾਣਾ ਚਾਹੀਦਾ ਹੈ।

ਕੁੱਲ ਮਿਲਾ ਕੇ, ਇਹ ਯਤਨ ਸਿਰਫ਼ ਇੱਕ ਨੀਤੀਗਤ ਦਿਸ਼ਾ ਤੋਂ ਵੱਧ ਹਨ। ਇਹ ਇੱਕ ਅਜਿਹੇ ਰਾਸ਼ਟਰ ਦੀ ਸੱਭਿਅਤਾ ਪ੍ਰਤੀਬੱਧਤਾ ਨੂੰ ਦਰਸਾਉਂਦੇ ਹਨ ਜੋ ਲਗਾਤਾਰ ਆਪਣੀਆਂ ਜੜ੍ਹਾਂ ਨਾਲ ਜੁੜ ਰਿਹਾ ਹੈ, ਆਪਣੇ ਸੱਭਿਆਚਾਰਕ ਆਤਮ-ਵਿਸ਼ਵਾਸ ਨੂੰ ਮਜ਼ਬੂਤ ਕਰ ਰਿਹਾ ਹੈ, ਅਤੇ ਆਪਣੀ ਵਿਰਾਸਤ ਨੂੰ ਪਛਾਣ, ਨਿਰੰਤਰਤਾ ਅਤੇ ਵਿਸ਼ਵਵਿਆਪੀ ਸ਼ਮੂਲੀਅਤ ਦੇ ਸਰੋਤ ਵਜੋਂ ਅੱਗੇ ਵਧਾ ਰਿਹਾ ਹੈ।

ਹਵਾਲਾ

ਪੀਐੱਮ ਇੰਡੀਆ

https://www.pmindia.gov.in/en/news_updates/cabinet-approves-proposal-for-transitioning-from-north-and-south-blocks-to-seva-teerth-and-kartavya-bhavans-paving-the-way-for-the-yuge-yugeen-bharat/

ਗ੍ਰਹਿ ਮੰਤਰਾਲਾ

https://www.pib.gov.in/PressReleaseIframePage.aspx?PRID=2093525&reg=3&lang=2

https://www.pib.gov.in/PressReleasePage.aspx?PRID=2093139&reg=3&lang=2

ਯੂਨੈਸਕੋ

https://www.unesco.org/en/worldheritage/list?fq%5Bsm_unsc_field_ref_countries_label%5D%5B%5D=India&fq%5Bsm_unsc_hierarchical_field_ref_datasets_filters_label%5D%5BCategory+of+site%5D%5B%5D=Category+of+site+%7C%3E+Cultural&fq%5Bsm_unsc_hierarchical_field_ref_datasets_filters_label%5D%5BCategory+of+site%5D%5B%5D=Category+of+site+%7C%3E+Mixed&fq%5Bsm_unsc_hierarchical_field_ref_datasets_filters_label%5D%5BCategory+of+site%5D%5B%5D=Category+of+site+%7C%3E+Natural&date_from=2014&date_to=2026&query=&op=Search#toggle-facets

https://www.unesco.org/en/memory-world/rigveda

https://whc.unesco.org/en/statesparties/in

https://www.google.com/url?sa=t&source=web&rct=j&opi=89978449&url=https://whc.unesco.org/en/statesparties/in&ved=2ahUKEwikq_mMvLqUAxWo2TgGHWPcAuQQFnoECCUQAQ&usg=AOvVaw3SIh1wpG8wfSUwZNVgnenm

https://www.google.com/url?sa=i&source=web&rct=j&url=https://whc.unesco.org/en/list/1342/&ved=2ahUKEwikq_mMvLqUAxWo2TgGHWPcAuQQqYcPegoIAggACAAIARAy&opi=89978449&cd&psig=AOvVaw1CAZC3F14cwV11A7-icON3&ust=1778906188774000

https://whc.unesco.org/en/statesparties/in

ਭਾਰਤ ਦਾ ਸੂਚਨਾ ਅਤੇ ਪ੍ਰਸਾਰਣ ਮੰਤਰਾਲਾ

https://nfai.nfdcindia.com/introduction.php?rootId=VFZFOVBRPT0=&catId=VG5jOVBRPT0=&patId=VFZFOVBRPT0=

ਸੱਭਿਆਚਾਰ ਮੰਤਰਾਲਾ

https://culture.gov.in/events/exposition-holy-relics-lord-buddha-vietnam

https://www.instagram.com/p/DYTwj1GTWad/

https://culture.gov.in/memory-world?utm

https://www.instagram.com/p/DYTwj1GTWad/

https://www.myscheme.gov.in/schemes/hriday

https://gyanbharatam.com/

https://www.google.com/url?sa=t&source=web&rct=j&opi=89978449&url=https://culture.gov.in/events/launch-gyan-bharatam-national-manuscript-survey-map-indias-manuscript-heritage&ved=2ahUKEwj1_ZjFu7qUAxWD1jgGHehgMSIQFnoECDgQAQ&usg=AOvVaw3hs2W_9pjRJyeonuWbbao9

https://www.google.com/url?sa=t&source=web&rct=j&opi=89978449&url=https://gyanbharatam.com/faq&ved=2ahUKEwj1_ZjFu7qUAxWD1jgGHehgMSIQFnoECDUQAQ&usg=AOvVaw2qE2WALu7K_biQpphYfz5o

https://culture.gov.in/latest-news/seven-indian-natural-heritage-sites-added-unescos-tentative-list

https://www.google.com/url?sa=t&source=web&rct=j&opi=89978449&url=https://culture.gov.in/files/tender_document/ContentTender.pdf&ved=2ahUKEwiB-oePvbqUAxVBR2wGHaJ5Hv8QFnoECFwQAQ&usg=AOvVaw1N4nKVC_uE4RLG60YjIoQt

ਲੋਕ ਸਭਾ ਪ੍ਰਸ਼ਨ

https://www.google.com/url?sa=t&source=web&rct=j&url=https%3A%2F%2Fsansad.in%2FgetFile%2Floksabhaquestions%2Fannex%2F184%2FAS453_KIMPcM.pdf%3Fsource%3Dpqals&ved=0CAEQ1fkOahcKEwi4lK2Ij7GUAxUAAAAAHQAAAAAQBQ&opi=89978449

https://sansad.in/getFile/loksabhaquestions/annex/179/AU1488.pdf?source=pqals

https://www.google.com/url?sa=t&source=web&rct=j&opi=89978449&url=https://sansad.in/getFile/loksabhaquestions/annex/179/AU1488.pdf%3Fsource%3Dpqals&ved=2ahUKEwjUkoP6urqUAxU3aHADHTteCrEQFnoECBsQAQ&usg=AOvVaw0CWc-b1iR5ToFIrb5YCMNd

ਇੰਦਰਾ ਗਾਂਧੀ ਰਾਸ਼ਟਰੀ ਕਲਾ ਕੇਂਦਰ (ਆਈਜੀਐੱਨਸੀਏ)

https://vedicheritage.gov.in/

***

ਪੀਆਈਬੀਰਿਸਰਚ/ਏਕੇ